੧ੴ

# ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

Sri Satguru Jagjit Singh Ji Elibrary NamdhariElibrary@gmail.com

## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਯਾਦਗਾਰ ਸੰਤ ਇਕਬਾਲ ਸਿੰਘ ਮਨਚੰਦਾ

ਜਨਮ 12/10/1919 – ਚਲਾਂਣਾ 14/8/1990

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# " ਸ੍ਰੀ ਸਤਿਗੁਰੂ ਜੀ ਦੀ ਪ੍ਰਭੂ ਭਗਤੀ ਅਤੇ ਪਿਆਰ ਨਾਲ ਭਰਪੂਰ ਉਚਾਰਨ ਕੀਤੇ ਹੋਏ ਗੀਤਾਂ ਦਾ ਸੰਗਰਹਿ ਭੇਟ ॥ "

ਲੇਖਕ :- ਇਕਬਾਲ ਸਿੰਘ "ਸਨਚੰਦਾ"

ਬੈਂਕਾਕ (ਥਾਈਲੈਂਡ)

Sri Satguru Jagjit Singh Ji Elibrary NamdhariElibrary@gmail.com

ੴ

## "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਗਮਨ"

(ਗੀਤ ਨੰ. ਇਕ)

1. ਖੁਸ਼ੀਆਂ ਮਨਾਈਆਂ ਜੱਗ ਨੇ ਜਦੋਂ ਵੱਡ ਪਰਤਾਪੀ ਪ੍ਰਗਟਿਆ॥ ਸਿੱਖਾਂ ਦੇ ਭਾਗ ਜਾਗ ਪਏ, ਜਦੋਂ ਰੌਣ ਰੌਣ ਦਰਸ਼ਨ ਪਾਇਆ
2. ਚੇਤ ਵਦੀ ਤੀਜ ਵਿਕ੍ਰਮੀ, ਉੱਨੀ ਵਰ੍ਹਾ ਸੀ ਇੱਕਠੇ ਨਾਈ॥ ਚੌਵੇਂ ਹੀ ਦੇ ਰਾਮਸਰ ਤੇ ਦਿੱਤੀ ਧਾਲ ਕੇ ਕੀਰਤਨ ਦੀ ਵਧਾਈ
   ਆ ਗਿਆ ਹੈ ਵਾਲੀ ਪਾਰ ਦਾ ਗੁਰੂ ਹਰੀ ਸਿੰਘ ਮੁਖੋਂ ਫੁਰਮਾਇਆ॥ ਖੁਸ਼ੀਆਂ ਮਨਾਈਆਂ ਜੱਗ ਨੇ..........
3. ਦਰਸ਼ਨ ਕਰਨ ਵਾਲਿਆਂ ਨੂੰ ਜਾਪਿਆ ਸੀ ਰਸ਼ਨ ਵਰ੍ਹੇਗਾ॥ ਸਿਰ ਨਾਈ ਦੁੱਖਾਂ ਦੀ ਘਟਣੀ ਆਇਆ ਸੁਖਾਂ ਦੇ ਆਲਣੇ ਤੋਂ
   ਏਹ ਤਾਂ ਬੀਜੀ ਛੱਤ ਆ ਗਿਆ ਧੰਨ ਧੰਨ ਧੰਨ ਸਭ ਗਾਇਆ॥ ਖੁਸ਼ੀਆਂ ਮਨਾਈਆਂ ਜੱਗ ਨੇ..........
4. ਚੰਨ ਮਾਤਾ ਜੀਵਨ ਕੌਰ ਦਾ ਸਤਿਗੁਰੂ ਹਰੀ ਸਿੰਘ ਦਾ ਦੁਲਾਰਾ॥ ਸਤਿ. ਪਰਤਾਪ ਸਿੰਘ ਜੀ ਚੀਜ਼ੀ ਫਲੇਨੇ ਮੁਖੋਂ ਸੀ ਉਚਾਰਾ॥
   ਦਿਨ ਦਿਨ ਪੂਰਾ ਜਾਂਦਾ ਤੇਜ ਦੂਣੇ ਤੋਂ ਨੇੜ ਸਵਾਇਆ॥ ਖੁਸ਼ੀਆਂ ਮਨਾਈਆਂ ਜੱਗ ਨੇ..........
5. ਜੋਤ ਜਗਾ ਕੇ ਜੋਤ ਤੋਂ ਧਾਲਿਆ ਪੰਥ ਬਗੀਚੇ ਦਾ ਵਾਲੀ॥ ਜੋਤ੍ਹਾ ਆ ਗਿਆ ਦਰ ਚੌਲ ਕੇ ਕਟੇ ਮੁਸ਼ਕਿਲਾਂ ਨਾ ਵੇਲੇ ਸਵਾਲੀ॥
   ਦੇ ਕੇ ਉਪਦੇਸ਼ ਸੱਤ ਦਾ ਸਤਿਨਾਮ ਗੁਰ ਮੰਤਰ ਦ੍ਰਿੜਾ ਜਾ॥ ਖੁਸ਼ੀਆਂ ਮਨਾਈਆਂ ਜੱਗ ਨੇ..........
6. ਏਹਦਾ ਪਰਤਾਪ ਵੇਖ ਕੇ ਸਿਜਦਾ ਕਰਦੀ ਸੀ ਆਨ ਲੁਕਾਈ॥ ਹਿੰਦੂ ਸਿੱਖ ਗੁਰੂ ਆਖਦੇ ਸੀਸ ਕਹਿੰਦੇ ਸੀ ਏਸ ਨੂੰ ਈਸਾਈ॥
   ਅਰਥ ਜਹੇ ਸੇਵਕ ਆਖਦੇ ਇਹ ਤਾਂ ਰੱਬ ਦਾ ਆ ਗਿਆ॥ ਖੁਸ਼ੀਆਂ ਮਨਾਈਆਂ ਜੱਗ ਨੇ..........
7. ਗੁਣੀ ਤੇ ਗਿਆਨੀ ਆਣ ਕੇ ਮੂੰਹ ਮੰਗੀਆਂ ਮੁਰਾਦਾਂ ਪਾਂਦੇ॥ ਨੈਣਾਂ ਦਾ ਪਿਆਰ ਤੱਕ ਕੇ ਵਹੀ ਸਤਕੜੇ ਪੰਥੀ ਜਾਂਦੇ॥
   ਜਸ ਕਰ ਕਰ ਥੱਕ ਗਏ, ਏਹਦਾ ਗੀਤ ਕਿਸੇ ਨਾ ਪਾ ਜਾ॥ ਖੁਸ਼ੀਆਂ ਮਨਾਈਆਂ ਜੱਗ ਨੇ ਜਦੋਂ ਵੱਡ ਪਰਤਾਪੀ ਪ੍ਰਗਟਿਆ॥
   ਸਿੱਖਾਂ ਦੇ ਭਾਗ ਜਾਗ ਪਏ ਜਦੋਂ ਰੌਣ ਰੌਣ ਦਰਸ਼ਨ ਪਾਇਆ॥

## "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਉਪਮਾ"

(ਗੀਤ ਨੰ. ਦੋ)

"ਵਡ-ਪਰਤਾਪੀ ਸਤਿਗੁਰੂ ਜੀ ਦੀ ਮਹਿਮਾਂ ਅਪਰ ਅਪਾਰ ਜੀ॥ ਆਉ ਰਲ ਮਿਲ ਗਾਈਏ ਉਸਦੇ ਕੀਤੇ ਪਰ-ਉਪਕਾਰ ਜੀ॥"

1. ਭੈਣੀ ਦੇ ਵਿਚ ਦੀਪ ਜਗੇ ਤੇ ਪਰਪਰ ਖ਼ੁਸ਼ੀਆਂ ਛਾਈਆਂ ਸਨ॥ ਮਾਤਾ ਜੀਵਨ ਕੌਰ ਨੂੰ ਲੋਕਾਂ ਦਿਤੀਆਂ ਆਣ ਵਧਾਈਆਂ ਸਨ॥
ਸੂਰਜ ਤੋਂ ਵਧ ਤੇਜ਼ ਉਸਦਾ ਮੁੱਖੜਾ ਨੂਰ ਫੈਲਾਈ ਸੀ॥ ਭਵ-ਸਾਗਰ ਤੋਂ ਪਾਰ ਉਤਰ ਗਏ ਚਰਨ-ਧੂੜ ਜਿਨ ਲਾਈ ਸੀ॥
ਘਰ ਕਤੇਘਾਂ ਦੇ ਵਿਚ ਖਿੜਿਆ ਇਸਦਾ ਮੰਗਲਾਚਾਰ ਜੀ॥ ਆਉ ਰਲ ਮਿਲ ਗਾਈਏ..........

2. ਪਾਲਕੀ ਉਸਦੇ ਸਾਈਂ ਦਾਨੀ, ਜਿਤ ਉਠ ਲਗਿਦੇ ਜਾਂਦੀ ਸੀ॥ ਹੱਸ ਵਿਚ ਸਾਰਾ ਦਾਖ਼ ਦਬਾਈ ਸਮਾਈ ਸਤਿਗੁਰ ਜੀ ਨੂੰ ਖਿਡਾਂਦੀ ਸੀ॥
ਸੱਤ ਸੌ ਰੇ ਪ੍ਰੀਤਮ ਜੀ ਆਉਣ, ਦੇਖਾ ਉਸਨੇ ਦਿੱਤਾ ਸੀ॥ ਜਤਿ ਸਤਿ ਕਰਿਕੇ ਸਿੱਖਿਆ ਲੋਕਾਂ ਠੰਢਾ ਉਸਦਾ ਕੀਤਾ ਸੀ॥
ਉਸਦੇ ਦਿਲ ਦੀ ਤਾਰ ਨੂੰ ਸੁਣਕੇ ਆਗਏ ਸਿਰਜਣਹਾਰ ਜੀ॥ ਆਉ ਰਲ ਮਿਲ ਗਾਈਏ ਉਸਦੇ..........॥

3. ਚਰਤੇ ਅਰਜ਼ ਗੁਜ਼ਾਰੀ ਸਿੰਘ ਨੇ, ਦੇਵੋ ਨਾਮ ਦਾ ਦਾਨ ਜੀ॥ ਭੈਣੀ ਸਾਹਿਬ ਆਸ ਤੇ ਸੁਣਕਰ, ਹੁਕਮ ਕੀਤਾ ਭਗਵਾਨ ਜੀ॥
ਚੌਂਕੀ ਤੇ ਮੈਂ ਜਾਂ ਲਗਾਈ, ਹੱਥ ਤੂੰ ਸਾਂਦੇ ਨਾਲ ਜੀ॥ ਪਰ ਮੇਰੀ ਸੇਵਾ ਸਿੰਘ ਵਾਲੀ ਤੱਕਣੀ ਸੀਸ ਦਿਖਾਨ ਜੀ॥
ਉਸਦਾ ਪਾਰ ਉਤਾਰਾ ਕੀਤਾ ਚੜਕੇ ਚੌਂਕੀ ਦਾਰ ਜੀ॥ ਆਉ ਰਲ ਮਿਲ ਗਾਈਏ ਉਸਦੇ..........॥

4. ਫਾਂਸੀ ਦੇ ਲਈ ਘੇਰੇ ਸਿੰਘ ਨੂੰ, ਜੇਲ ਚ ਦਰਸ ਦਿਖਾਇਆ ਸੀ॥ ਭੈਣੀ ਸਾਹਿਬ ਪਹੁੰਚਣ ਦੇ ਲਈ ਉਸਨੂੰ ਹੁਕਮ ਸੁਣਾਇਆ ਸੀ॥
ਉਸਦੇ ਮਨ ਵਿਚ ਨਿਸਚਾ ਹੋਇਆ ਸਭ ਜਗ ਵੈਰੀ ਹੋਇ ਜੀ॥ ਜਿਸਦੇ ਸਿਰ ਤੇ ਸਤਿਗੁਰ ਹੋਵੇ ਮਾਰ ਨ ਸਾਕੇ ਕੋਇ ਜੀ॥
ਦਰਸ਼ਨ ਕਰਨ ਗੁਰ ਸੰਗ ਕਹਿ ਗਾਵਾਂ, ਅੰਤ ਨ ਪਾਵਣਹਾਰ ਜੀ॥ ਆਉ ਰਲ ਮਿਲ ਗਾਈਏ ਉਸਦੇ..........॥

5. ਚਰਨ ਪਾਉਣ ਲਈ ਕਿਰਗਸਤਾਨ ਦੇ ਜਦ ਸਤਿਗੁਰੂ ਜੀ ਨੂੰ ਜਾਣਾ ਸੀ॥ ਇਸੇ ਲਈ ਪਰਕਿਸੇ ਨਹੀਂ ਜਾਣਾ, ਸਭ ਨੂੰ ਹੁਕਮ ਸੁਣਾਣਾ ਸੀ॥
ਸਾਈਂ ਕਿਹਾ "ਨਹੀਂ ਜਾਣ ਦੇਣਾ ਮੈਂ, ਹੋਈ ਜ਼ਰਦ ਮਸਤਕੀ ਸੀ॥ ਉਡਿਆ ਜਹਾਜ਼ ਭੀ ਵਾਪਸ ਆਇਆ, ਪ੍ਰੇਮ ਦੀ ਏਹੋ ਨਿਸ਼ਾਨੀ ਸੀ॥
ਉਸਦੀ ਮੰਗ ਨੂੰ ਪੂਰਿਆਂ ਕੀਤਾ, ਸੱਚੇ ਬਖਸ਼ਣਹਾਰ ਜੀ॥ ਆਉ ਰਲ ਮਿਲ ਗਾਈਏ ਉਸਦੇ ਕੀਤੇ ਪਰ-ਉਪਕਾਰ ਜੀ॥

"ਵਿਛੜੇ ਪਰਦੇਸੀ ਪ੍ਰੀਤਮ ਜੀ ਦੀ ਯਾਦ ਵਿੱਚ ਵਿਛੋੜੇ ਦਾ ਗੀਤ"

(ਗੀਤ ਨੰ: ਤਿੰਨ)

"ਰਾਹੀ ਰਾਹੇ ਜਾਂਦਿਆ ਵੇ, ਸਿੱਧੀ ਪੰਧ ਵਾਲਿਆ ਵੇ,
ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ।"

ਦੱਸ ਗਿਆ ਨ ਪਤਾ ਉਹ ਅਪਣਾ ਟਿਕਾਣਾ। ਢੂੰਡ ਥਕੀ ਸਾਰੇ ਉਹਦਾ ਦੇਸ ਨ ਜਾਣਾ।
ਪਾ ਕੇ ਉਹ ਗਲ ਵਿਚ ਕਫ਼ਨੀ, ਕਰ ਗਿਆ ਮੈਨੂੰ ਕਮਲੀ, ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ।
ਰਾਹੀ ਰਾਹੇ ਜਾਂਦਿਆ ਵੇ:-

ਕਿਸ ਨੂੰ ਸੁਣਾਵਾਂ ਦੁੱਖ ਦਰਦਾਂ ਦਾ ਹਾਲ ਨੀ। ਜਿਹੜਾ ਮੋੜ ਲਿਆਵੇ ਦਿਲ ਸਰੀਰ ਤੇ ਮਾਲ ਨੀ।
ਨਿੱਤ ਮੈਂ ਸ਼ਗਨ ਮਨਾਵਾਂ, ਕਾਵਾਂ ਨੂੰ ਚੂਰੀਆਂ ਪਾਵਾਂ, ਦੱਸ ਕੋਈ ਪਤਾ ਮੈਨੂੰ ਚੀਨੀ ਅਸਵਾਰ ਦਾ।
ਰਾਹੀ ਰਾਹੇ ਜਾਂਦਿਆ ਵੇ:-

ਦਰਸ਼ਨ ਬਾਝੋਂ ਡਾਹਡੀ ਹੋਈ ਵਿਆਕੁਲ ਨੀ। ਰਹਿੰਦੀ ਵੇ ਅੱਖਾਂ ਸਾਹਵੇਂ ਉਸਦੀ ਤਸਵੀਰ ਨੀ।
ਤਨ ਮਨ ਅਰਪਾਂ ਉਸਨੂੰ, ਸੀਸ ਵੀ ਚੜ੍ਹਾਵਾਂ ਉਸਨੂੰ, ਦਰਸ਼ਨ ਕਰਾਵੇ ਜੇਹੜਾ ਚੀਨੀ ਅਸਵਾਰ ਦਾ।
ਰਾਹੀ ਰਾਹੇ ਜਾਂਦਿਆ ਵੇ:-

"ਚੀਨੀ ਵਾਲੇ ਪ੍ਰੀਤਮ ਜੀ ਦੀ ਯਾਦ ਵਿੱਚ

(ਗੀਤ ਨੰ. ਚਾਰ) ਇਕ ਵਿਰਹਨ ਦੇ ਕੀਰਨੇ"

←—o—→

"ਲੱਗੀਆਂ ਉਡੀਕਾਂ ਫੇਰਾ ਵਤਨਾਂ ਨੂੰ ਪਾ ਜਾ। ਚੀਨੀ ਸਮਾਚਾਰ ਨੂੰ ਹੀ ਮੁਖੜਾ ਵਿਖਾ ਜਾ।"

←—o—→

ਯਾਦ ਤੇਰੀ ਵਿਚ ਸਤਿਗੁਰ, ਵਡ ਪਰਤਾਪੀ ਜੀ ਨੇ ਪਾਠ ਕਰਾਏ,
ਮਨ ਵਿਚ ਇਹ ਆਸ ਪਰਬਲ, ਫਿਰ ਪਰਦੇਸੀ ਆ ਕੇ ਦਰਸ ਦਿਖਾਏ,
ਉਹਨਾਂ ਦਾ ਸਦਕਾ ਹੁਣ ਤਾਂ ਦੁੱਖੜਾ ਮਿਟਾ ਜਾਇ 'ਲੱਗੀਆਂ ਉਡੀਕਾਂ ਫੇਰਾ..........'
ਕੋਠੇ ਤੇ ਚੜ੍ਹ ਕੇ ਨਿੱਤ ਮੈਂ, ਕਾਗ ਉਡਾਵਾਂ ਵੇਖਾਂ ਤੇਰੀਆਂ ਰਾਹਵਾਂ,
ਮੁੰਦਰਾਂ ਲੈ ਹੋਈਆਂ ਨੈਂਤ ਕੱਸਮਰ ਜੋਗੀਆਂ, ਕਰ ਦਰਸ਼ਨ ਪਾਵਾਂ,
ਕਰ ਕੇ ਇਕਤਾਰ ਪੂਰਾ ਮੁੱਖੜਾ ਵਿਖਾ ਜਾ। ਲੱਗੀਆਂ ਉਡੀਕਾਂ ਫੇਰਾ..........."
ਰੋਂਦਿਆਂ ਦੇ ਰਾਹ ਵੇ ਮਨ ਚੈਨ ਨ ਆਵੇ ਡਾਢਾ ਬਿਰਹਾ ਸਤਾਵੇ,
ਸੇਜਾ ਤੇ ਪਈ ਇਕੱਲੀ, ਗਿਣ ਗਿਣ ਲੰਘਾਵਾਂ ਤਾਰੇ, ਨੀਂਦ ਨ ਆਵੇ,
ਦਿਲ ਦੀ ਪੁਕਾਰ ਸੁਣ ਕੇ, ਮੁੱਖੜਾ ਵਿਖਾ ਜਾ। ਲੱਗੀਆਂ ਉਡੀਕਾਂ ਫੇਰਾ ਵਤਨਾਂ ਨੂੰ ਪਾ ਜਾ।
ਚੀਨੀ ਸਮਾਚਾਰ ਨੂੰ ਹੀ ਮੁੱਖੜਾ ਵਿਖਾ ਜਾ।

←—o—→

## "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਉਤਸਵ"

(ਗੀਤ ਨੰ. ਪੰਜ)

### "ਸਮੇਂ ਦਾ ਗੀਤ"

'ਜੀਵਨ ਦੇ 'ਚੰਨ ਦਾ 'ਤਾਰਾ', ਸ੍ਰਿਸ਼ਟੀ ਦਾ ਸਿਰਜਣਹਾਰਾ,
ਜੱਗ ਨੂੰ ਜਿੱਤਣ ਲਈ, ਅਰਸ਼ਾਂ ਤੋਂ ਆਇਆ॥ ਜੱਗ ਨੂੰ ਜਿੱਤਣ ਲਈ.........

ਮਾਤ ਭੂਪਿੰਦਰ ਜੀ ਦੇ ਨੈਣਾਂ ਦਾ ਨੂਰ ਏ॥ ਏਸ ਦਾ ਦਰਸ਼ਨ ਕਰਕੇ ਆਉਂਦਾ ਸਰੂਰ ਏ॥
ਸੰਗਤ 'ਚ ਸੋਭਾ ਪਾਵੇ, ਅਸੀਸਾਂ ਲੁਟਾਈ ਜਾਵੇ,
ਦੁੱਖੜੇ ਮੇਟਣ ਲਈ ਅਰਸ਼ਾਂ ਤੋਂ ਆਇਆ॥ 'ਜੀਵਨ ਦੇ ਚੰਨ ਦਾ ਤਾਰਾ.......

ਦੀਨਨ ਦਇਆਲ ਦਾਤਾ ਸਭ ਦੇ ਸਿਰਤਾਜ ਨੇ॥ ਸ਼ਾਹਾਂ ਦੇ ਸ਼ਾਹ ਬੇਵਸਿਆਂ ਦੇ ਸੁਖਸਾਜ ਨੇ॥
ਏਕੇ ਦਾ ਪਾਠ ਪੜ੍ਹਾਵੇ, ਦੂਈ ਤੋਂ ਦੂਰ ਹਟਾਵੇ;
ਪਿਆਰ ਵੰਡਣ ਲਈ ਅਰਸ਼ਾਂ ਤੋਂ ਆਇਆ॥ ਜੀਵਨ ਦੇ ਚੰਨ ਦਾ ਤਾਰਾ.......

ਗਰੀਬਾਂ ਦਾ ਦਰਦੀ ਪ੍ਰੀਤਮ ਦੁਖੀਆਂ ਦਾ ਮੀਤ ਨੀ॥ ਲੱਗੀਆਂ ਦੀ ਤੋੜ ਨਿਭਾਏ ਪ੍ਰੀਤ ਨੀ॥
ਮੁਖ ਤੋਂ ਮੁਸਕਾਈ ਜਾਵੇ, ਠੰਢਕ ਪਹੁੰਚਾਈ ਜਾਵੇ,
ਪਾਰ ਕਰਨ ਲਈ ਅਰਸ਼ਾਂ ਤੋਂ ਆਇਆ॥ ਜੀਵਨ ਦੇ ਚੰਨ ਦਾ ਤਾਰਾ.......

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾਂ ਦਾ ਗੀਤ"

(ਗੀਤ ਨੰ: ਛੇ)

1. "ਉਸ ਵਡ-ਪਰਤਾਪ ਦੁਲਾਰੇ ਦਾ, ਮਿਲਕੇ ਗੁਣਗਾਨ ਗਾ ਲਈਏ"
ਮਿਲ ਜਾਏ ਚਰਨਾਂ ਦੀ ਧੂੜੀ ਜੇ, ਉਹ ਆਪਣੇ ਸੀਸ ਸਜਾ ਲਈਏ" ਉਸ ਵਡ-ਪਰਤਾਪ

2. ਉਹ ਅਰਸ਼ੀ ਪ੍ਰੀਤਮ ਪਿਆਰਾ ਏ, ਦੁਖੀਆਂ ਦੇ ਦਿਲ ਦਾ ਸਹਾਰਾ ਏ,
ਉਸ ਨੂੰ ਮਨ ਮੰਦਰ ਵਿਚ ਰੱਖਕੇ, ਜੀਵਨ ਦੀ ਜੋਤ ਜਗਾ ਲਈਏ" ਉਸ ਵਡ-ਪਰਤਾਪ......

3. ਉਹ ਸਰਬ ਘਟਾਂ ਦਾ ਮਾਲਕ ਏ, ਸਭ ਜੀਆਂ ਦਾ ਪ੍ਰਤਿਪਾਲਕ ਏ,
ਉਸ ਦੇ ਮਿਲਣਹਾਰੇ ਨੂੰ, ਸਹਿਜੇ ਮਨ ਮੀਤ ਬਣਾ ਲਈਏ" ਉਸ ਵਡ ਪਰਤਾਪ......

4. ਉਹ ਭੁਲਿਆਂ ਨੂੰ ਰਾਹੇ ਪਾਉਂਦਾ ਏ, ਜਨਮਾਂ ਦੇ ਗੇੜ ਮੁਕਾਉਂਦਾ ਏ"
ਫੜਕੇ ਪੱਲੜਾ ਉਸ ਸਾਜਨ ਦਾ, ਭਵ-ਸਾਗਰ ਪਾਰ ਕਰਾ ਲਈਏ" ਉਸ ਵਡ ਪਰਤਾਪ......

5. ਉਸਦੇ ਨੈਣਾਂ ਵਿਚ ਖੁਮਾਰੀ ਏ, ਉਹ ਦੀ ਰੰਗਤ ਸਭ ਤੋਂ ਨਿਆਰੀ ਏ,
ਉਹਦੇ ਨਾਮ ਦਾ ਮਿਲ ਜਾਏ ਮੈ-ਖਾਨਾ, ਪੀ ਪੀ ਮਨ ਮਸਤ ਬਣਾ ਲਈਏ" ਉਸ ਵਡ ਪਰਤਾਪ......

6. ਉਹ ਸੈਆਂ ਪ੍ਰੇਮ ਪਿਆਸਾਂ ਦਾ ਉਹ ਸੰਤਾਂ ਤੇ ਗੁਨਾਹ-ਗਾਰਾਂ ਦਾ,
ਉਸਦੇ ਦਰ ਚੱਲਕੇ ਆਉ ਅਸੀਂ, ਦੱਸ ਆਪਣੇ ਗੁਨਾਹ ਬਖਸ਼ਾ ਲਈਏ" ਉਸ ਵਡ ਪਰਤਾਪ......

## "ਨਾਮਧਾਰੀ ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ"

(ਗੀਤ ਨੰ: ਸੱਤ)

1 "ਧਰਮ ਦੀ ਖਾਤਰ ਵਤਨ ਪੁਜਾਰੀ, ਹੱਸ ਹੱਸ ਸੂਲੀ ਚੜ੍ਹਦੇ ਨੇ"
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ, ਮੌਤੋਂ ਮੂਲ ਨਾ ਡਰਦੇ ਨੇ" "
ਧਰਮ ਦੀ ਖਾਤਰ..................

2. "ਦੇਸ਼ ਧਰਮ ਤੇ ਜਦੋਂ ਆ ਬਣਦੀ, ਸੂਰੇ ਸ਼ਹੀਦੀ ਪਾਂਦੇ ਨੇ"
ਦੇਸ਼ ਮੰਜ਼ਲ ਤੇ ਢੁਕਣੋਂ ਪਹਿਲਾਂ, ਤਲੀ ਤੇ ਸੀਸ ਟਿਕਾਂਦੇ ਨੇ"
ਹੱਥੀਂ ਬੰਨ੍ਹ ਸ਼ਹੀਦੀ ਗਾਨੇ, ਖਫ਼ਨੀ ਸੀਸ ਸਜਾਂਦੇ ਨੇ"
"ਸੀਸ ਜਾਏ ਪਰ ਸਿਰੜ ਨਾ ਜਾਏ, ਗੀਤ ਆਜ਼ਾਦੀ ਗਾਂਦੇ ਨੇ"
ਨੀਹਾਂ ਪੱਕੀਆਂ ਦੇਸ਼ ਦੀਆਂ ਏਹ, ਖ਼ੂਨ ਜਿਸਮ ਨਾਲ ਕਰਦੇ ਨੇ"
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ.................................." "

3. "ਜੋਧ ਚੜ੍ਹੀ ਜਦ ਵੱਲ ਕੋਟਲੇ, ਮੌਤ ਲਾੜੀ ਨੂੰ ਵਰਨ ਲਈ"
ਉੜ ਉੜ ਕੇ ਪਰਵਾਨੇ ਆਏ, ਧਰਮ ਸ਼ਮਾਂ ਤੋਂ ਸੜਨ ਲਈ"

(ਬਾਕੀ ਅਗਲੇ ਪੰਨੇ ਤੇ)

(ੲ) "ਪਿਛਲੇ ਪੰਨੇ ਦੀ ਬਾਕੀ"

ਆਤਮ-ਬਾਗ਼ੀ ਰਲਨ ਰਵਾਣੀਂ, ਤੋਂਆਂ ਸਾਰ ਮੁਕਾਵਣ ਲਈ ॥
ਇਕ-ਦੂਜੇ ਤੋਂ ਮੂਹਰੇ ਹੁੰਦੇ, ਆਪਾ ਆਪ ਮਿਟਾਵਣ ਲਈ ॥
ਤੇਗ਼ ਦੇ ਗੇੜਿਆਂ ਵਿਚੋਂ ਏਹ ਤਾਂ, ਰੱਬ ਦਾ ਦਰਸ਼ਨ ਕਰਦੇ ਨੇ ॥
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ .................... ॥"

4. ਮੰਗ ਇਹਨਾਂ ਦੀ ਇੱਕੋ ਹੁੰਦੀ, ਨਿਭ ਜਾਵੇ ਨਾਲ ਸਵਾਸਾਂ ਦੇ ॥
ਮੂੰਹ ਦੇ ਵਰ ਨਾਮ ਏਕਸ ਦਾ, ਚਮਕੇ ਵਿਚ ਇਤਿਹਾਸਾਂ ਦੇ ॥
ਇਹ ਹਨ ਜੇਹੜੇ ਤਨ ਆਪਣੇ ਤੇ, ਦੁਖ ਤਸੀਹੇ ਸਹਿੰਦੇ ਨੇ ॥
'ਤੇਰਾ ਕੀਆ ਮੀਠਾ ਲਾਗੈ', ਮੁੱਖ ਚੋਂ ਏਹੀ ਕਹਿੰਦੇ ਨੇ ॥
ਆਪਣੀ ਆਪ ਸ਼ਹਾਦਤ ਦੇ ਕੇ, ਦਰ ਪ੍ਰੀਤਮ ਦਾ ਮੱਲਦੇ ਨੇ ॥
ਚੜ੍ਹਦੇ ਚੜ੍ਹਦੇ ਕਰਨ ਮਜ਼ਾਖਾਂ, ਮੌਤੋਂ ਮੂਲ ਨ ਡਰਦੇ ਨੇ ॥
'ਧਰਮ ਦੀ ਖਾਤਰ ਵਤਨ ਪੁਜਾਰੀ .................... ॥

Sri Satguru Jagjit Singh Ji Elibrary NamdhariElibrary@gmail.com

"ਪਰਦੇਸੀ ਪ੍ਰੀਤਮ ਦੇ ਚਰਨ-ਕਮਲਾਂ ਵਿਚ ਪੁਕਾਰ"

(ਗੀਤ ਨੰ: ਸਠ)

1. "ਵਤਨਾਂ ਨੂੰ ਮੋੜ ਮੁਹਾਰਾਂ" ਦਾਤਾ!
ਖੜ੍ਹੀ ਮੈਂ ਉਡੀਕਾਂ ਵਾਟਾਂ ਤੇਰੀਆਂ, ਵਤਨਾਂ ਨੂੰ ਮੋੜ ਮੁਹਾਰ"

2. "ਭੁੱਲਦਾ ਨਹੀਂ ਵੇਲਾ ਜਦੋਂ, ਭੈਣੀ ਨੂੰ ਛੱਡ ਪੀਆ ਚੱਲੇ ਪਰਦੇਸ ਸੀ"
ਗੱਡੇ ਤੇ ਚੜ੍ਹਕੇ ਰੰਘੀ, ਸੰਗਤ ਨੂੰ ਜਾਂਦੀ ਵਾਰੀ ਦਿਤਾ ਸੰਦੇਸ਼ ਸੀ" "
'ਦੇਵਾਂ ਸਾ ਛੇਤੀ ਮੈਂ ਦੀਦਾਰ" ਦਾਤਾ! ਖੜ੍ਹੀ ਮੈਂ ਉਡੀਕਾਂ ਵਾਟਾਂ ਤੇਰੀਆਂ"
"ਵਤਨਾਂ ਨੂੰ ਮੋੜ ਮੁਹਾਰ"

3. "ਰਾਹ ਤੱਕ ਤੱਕ ਅੱਖਾਂ ਥੱਕ ਗਈਆਂ, ਫਿਰ ਭਇਆ ਪਾਇਆ ਨ ਫੇਰਾ"
ਲੱਭ ਥੱਕੀ ਹਾਰ ਗਈ, ਪਤਾ ਨਹੀਂ ਪੀਆ ਕਿੱਥੇ ਲਾਇਆ ਜਾ ਡੇਰਾ" "
'ਦੁਖੀਆ ਦੀ ਸੁਣ ਲਓ ਪੁਕਾਰਾਂ" ਦਾਤਾ! ਖੜ੍ਹੀ ਮੈਂ ਉਡੀਕਾਂ ਵਾਟਾਂ ਤੇਰੀਆਂ"
"ਵਤਨਾਂ ਨੂੰ ਮੋੜ ਮੁਹਾਰ"

(ਧਾਰਨੀ ਮਾਹਲੇ ਪੀਲੇ ਤੇ)

"ਪਿਛਲੇ ਪੰਨੇ ਦੀ ਬਾਕੀ"

" ਬਿਰਹਾ ਦੀ ਲਾਟ ਮੇਰੇ ਸੀਨੇ ਦੇ ਵਿੱਚ ਅਜੇ ਤੀਕ ਪਈ ਬਲਦੀ "
ਬਲਦੀ ਨ ਬੁੱਝ ਜਾਵੇ, ਪੀਆ ਦੀਦਾਰ ਬਾਝੋਂ ਦੁਖੜੇ ਜਰਦੀ " "
'ਪੂਰਾ ਆ ਕਰੋ ਇਕਰਾਰ,' ਦਾਤਾ! ਖੜੀ ਮੈਂ ਉਡੀਕਾਂ ਵਾਟਾਂ ਤੇਰੀਆਂ "
" ਵਤਨਾਂ ਨੂੰ ਮੋੜ ਮੁਹਾਰ " "

5\. " ਸਭ ਸਹੀਆਂ ਮਿਲ ਮਾਘ ਦੇ ਮਹੀਨੇ, ਗਾਵਨ ਖੁਸ਼ੀਆਂ ਦੇ ਗੀਤ ਨੀ "
ਮੈਂ ਦੁਖਿਆਰੀ ਨਿੱਤ ਸਫਰ ਉਡੀਕਾਂ, ਆਜਾ ਮੇਰੇ ਮੀਤ ਨੀ " "
('ਸੋਹਣੇ') ਬੀਨੀ ਦੇ ਸਭ ਸਹਾਰ, ਦਾਤਾ! ਖੜੀ ਮੈਂ ਉਡੀਕਾਂ ਵਾਟਾਂ ਤੇਰੀਆਂ "
" ਵਤਨਾਂ ਨੂੰ ਮੋੜ ਮੁਹਾਰ "

## "ਪਰਦੇਸੀ ਪ੍ਰੀਤਮ ਜੀ ਦੇ ਚਰਨ-ਕਵਲਾਂ ਵਿੱਚ ਅਰਜ਼ੋਈ"

(ਲੇਖਕ ਨੇ)

1. "ਦਾਤਾ!!"
"ਹੇ ਚੀਨੀ ਅਸਵਾਰ
ਮੇਰੇ ਮਿਲਨ-ਹਾਰ
ਅੱਜ ਤੇਰੇ ਦਰ
ਖੜ੍ਹਾ ਹੱਥ ਜੋੜ ਕੇ,
ਗਲ ਵਿਚ ਪੱਲੜਾ ਪਾਕੇ,
ਚਰਨੀਂ ਸੀਸ ਨਿਵਾਕੇ, ਮੈਂ ਕਰਾਂ
ਅਰਜ਼ੋਈ।"

2. "ਇਹ ਅਰਜ਼ੋਈ,
ਨਹੀਂ ਨਹੀਂ, ਇਹ ਹਨ ਮੇਰੇ
ਦਿਲ ਦੇ ਵਲਵਲੇ,
ਮੇਰੇ ਅੰਤਰ ਦੇ ਤਰਲੇ,
ਮੇਰੇ ਮਨ ਦੀਆਂ ਉਮੰਗਾਂ,
ਡੱਕੀਆਂ ਪਈਆਂ ਚਿਰ ਦੀਆਂ,
ਦਾਤਾ! ਤੈਥੋਂ ਬਿਨਾਂ, ਹੋਰ ਕੀਹਦੇ ਅੱਗੇ
ਮੈਂ ਕਰਾਂ, ਇਹ ਅਰਜ਼ੋਈਆਂ।"

3. "ਦਾਤਾ! ਅੱਜ ਸਦੀ ਬੀਤਦੀ ਬੀਤਦੀ ਮੁੱਕ
ਚੱਲੀ, ਜਦ ਤੁਸੀਂ, ਸ੍ਰੀ ਭੈਣੀ ਸਾਹਿਬ ਤੋਂ
ਰਾਜ਼ੀ ਕੇ ਚਲੇ ਪਧਿਨ, ਗੱਦੇ ਦੀ ਜ਼ਿਮੇਵਾਰੀ
ਕਰ, ਚੱਲੇ ਸੀ ਪਰਦੇਸ, ਤੇ ਜਾਂਦਿਆਂ ਜਾਂਦਿਆਂ
ਸਮਝਾਇਆਂ ਰੋਂਦਿਆਂ ਨੂੰ, ਪਿਆਰੀਆਂ ਸੰਗਤਾਂ ਨੂੰ,
ਪਿਆਰੇ ਪਿਤਾ ਨੂੰ, ਪਿਆਰੇ ਭਾਈ ਨੂੰ, ਦਿਤਾ ਸੀ
ਇਹ ਸੰਦੇਸ਼:- 'ਕਿ ਮੁੜ ਆਵਾਂਗਾ,
ਛੇਤੀ ਸੈਂ ਦੇਸ਼।'"

4. "ਹੇ ਅਕਾਲ ਪੁਰਖ!
ਤੁਹਾਡੇ ਪਿੱਛੇ, ਸੰਗਤ ਨੇ ਤੁਹਾਡੇ ਹੁਕਮ ਮੰਨ ਕੇ
ਅਨੇਕਾਂ ਕਸ਼ਟ ਸਹੇ, ਪਾਠ ਕਰਾਇਆ,
ਜੇਲਾਂ ਦੇ ਤਸੀਹੇ ਝੱਲੇ, ਨਜ਼ਰਬੰਦੀਆਂ ਵਿਚ ਹੀ
ਸਰੀਰ ਤਿਆਗੇ, ਕੇਵਲ, ਇਸ ਆਸ, ਕਿ
ਦਰਸ਼ਨ ਹੋਵਣਗੇ!! ਪਿਤਾ ਪਿਤਾ ਇਸੇ
ਉਡੀਕ ਵਿਚ ਤਿਆਰ ਹੋ ਪਿਆ ਤਖ਼ਤੇ, ਜਿੱਥੇ
ਸੰਗਤ ਜਾਪ, ਅੰਤ ਸਮੇਂ ਤੁਸਾਂ ਗੁਪਤ

(ਬਾਕੀ ਅਗਲੇ ਪੰਨੇ ਤੇ)

## "ਪਿਛਲੇ ਪੰਨੇ ਦੀ ਬਾਕੀ ਦੀ ਕਵਿਤਾ"

ਕੂਪ ਵਿਚ ਚਮਤਕਾਰ ਦਿਤੇ!! ਨਿਆਰਾ ਭਾਈ
ਸਤਿਗੁਰੂ ਹਰੀ ਸਿੰਘ, ਰਾਮ ਵਿਜੋਗੀ,
'ਜੀਏ ਤ ਦਰਿਗ ਹੋਇ'
ਨੇਤਰ ਚਮਤਕਾਂ ਨੂੰ ਲੋਚਦੇ ਤੇ,
ਦਰਸ ਸਜਲ ਕਰੀਂਦੇ"
ਬਿਹਬਲ ਹੋਏ, ਤਾਂ ਜਾਣ ਫੇਰ ਇਹ ਪੜ੍ਹਦੇ,
"ਸਜਣ, ਨੈਣ ਮੇਰੇ ਸਿਕਦੀ ਨੀ ਰਹਿੰਦੇ,
ਸੱਠੇ ਪਹਿਰ ਵਿਜੋਗ ਸਜਣਾਂ, ਨੈਣ ਵਿਛੋੜਾ
ਨ ਸਹਿੰਦੇ"
ਨੇਤਰ ਗਾਲ ਲਏ, ਜਾਣ ਨ ਛੁੱਟੀ,
ਆਸ ਨ ਮੁੱਕੀ, ਮਨ ਵਿਚ ਏਹੋ 'ਕਿ ਚਮਤਕਾਰ ਹੋਣਗੇ,
ਪਰ ਦਾਤਾ! ਤੁਸੀਂ?

5. ਦਾਤਾ! ਤੇਰੇ ਮਸਤਾਨਿਆਂ, ਤੇਰੇ ਚਮਤਕਾਰ ਦੇ
ਪੀਪਣੀਆਂ, ਚੋਣੀਆਂ, ਮਸੀਂ ਦਰ ਛੋਹੇ, ਸਾਗਰ ਲੰਘੇ,
ਪਹੁੰਚੇ ਰੋਗੂ, 'ਲਾਗਾਂ ਵਾੜ, ਸਮੁੰਦਰੋਂ ਪਾਰ,
ਕੇਹੜੇ ਖਤਰੇ ਦੂਰ ਲੰਘ ਕੇ ਜੋ ਆਏ ਹੈ ਪਾਰਹੂ,
ਪ੍ਰੇਮੀ ਜਾਂ ਨਿਰਮਲ ਉਨ੍ਹਾਂ ਪਹਿੰਚਣ ਚਰਨ ਪਰਸੇ.

ਹੁਕਮ-ਨਾਮੇ ਲਿਖਾਏ, ਸੁਣ ਇਹ ਆਸ
ਕਿ ਛੇਤੀ ਚਮਤਕਾਰ ਹੋਣਗੇ"

6. ਤੇਰੀ ਜਾਣ ਵਿਚ, ਉਡੀਕਦਿਆਂ ਤੇਰੇ ਪ੍ਰੇਮੀਆਂ
ਰਾਹਾਂ ਵਿਚ ਨੈਣ ਵਿਛਾਏ,
ਅਨੇਕਾਂ ਸੰਤ ਵਿਜੋਗੀ, 'ਕੇਸਰ ਤਿੰਨੇ,
ਚੁੱਪ, ਰਹਿੰਦੇ ਦੇ, ਸੁਗਦੇ ਵਾਲੇ,
ਨੈਣ ਸਿੰਘ, ਕਿਸ਼ਨ ਸਿੰਘ ਭੂਤੀਏ,
ਜਵਾਹਰ ਸਿੰਘ, ਸੀਤਾਂ ਸਿੰਘ,
ਦਾਤਾ! ਹੋਰ ਕੀਹਦਾ ਕੀਹਦਾ ਲਵਾਂ ਮੈਂ ਨਾਂ,
ਅੱਖਾਂ ਮੀਟ ਗਏ, ਸਦਾ ਲਈ
ਇਸੇ ਆਸ ਨੂੰ ਨਾਲ ਲੈ ਗਏ ਕਿ
"ਚਮਤਕਾਰ ਹੋਣਗੇ" ਪਰ ਤੈਂ,
ਕੀ ਦਾਣ ਨ ਆਇਆ?

7. ਪਰਮੇਸ਼ਰ ਕੱਲ ਦੀ ਗੱਲ
ਛਤ੍ਰ-ਪਰਤਾਪੀ
ਅਕਾਲ ਪੁਰਖ.
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

## ਪਿਛਲੇ ਪੰਨੇ ਦੀ ਬਾਕੀ
## ਦੀ ਰਚਨਾ

ਪਿੰਡ ਪਿੰਡ, ਦੇਸ ਪਰਦੇਸ, ਦੌਰੇ ਕਰਦੇ,
ਸੰਗਤਾਂ ਨੂੰ ਤੁਹਾਡੀ ਹੋਂਦ ਦੀ ਪਛਾਣ ਕਰਵਾਈ,
ਅਤੇ ਮੁੜ ਆਸ ਦਵਾਈ ਕਿ 'ਛੇਤੀ ਦਰਸ਼ਨ ਦੇਵਨਗੇ'॥
ਕੀਰਤਨ ਕਰਦਿਆਂ ਪਿਘਲ ਹੋ ਜਾਂਦੇ, ਨੇਤਰਾਂ ਚੀਂ ਜਲ ਛਾਂਦਾ,
ਜਦ ਇਹ ਪੜ੍ਹਦੇ "ਪਿਰ ਦੇਖਨ ਕੀ ਆਸ" 'ਮਿੱਤਰ ਪਿਆਰੇ
ਨੂੰ ਹਾਲ ਫਕੀਰਾਂ ਦਾ ਕਹਿਣਾ', ਤੇ ਭਰੇ ਦਿਲ ਨਾਲ ਇਹ
ਕਹਿੰਦੇ "ਮੁੜ ਆ ਵੇ ਦਿਲਬਰਾ, ਜੱਗ ਦੇਂਦਾ ਮੇਹਣਾ ਤੇਰਾ॥"

8. 'ਪਾਠ ਕਰਵਾਏ ਲੱਖਾਂ, ਬੇਅੰਤ, ਗਿਣਤੀ ਕੋਈ ਨਾ,
ਅਤੇ ਹੁਕਮ ਕੀਤਾ 'ਬਖਸ਼ਾਉਣ ਲਈ ਸੰਗਤਾਂ ਨੂੰ'
"ਮੈਂ ਬਖਸ਼ਵਾਂਗਾ ਨਾਲ॥"
ਕਰ ਨਿੱਤ-ਨੇਮ ਮਰਯਾਦਾ ਨਾਲ ਸੁੱਚ ਹੋਵੇ, ਪ੍ਰੰਤੂ
ਓਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਤੇ ਇਹ
ਆਸ, 'ਕਿ ਛੇਤੀ ਦਰਸ਼ਨ ਦੇਵਨਗੇ', ਉਸੇ ਤਰ੍ਹਾਂ
ਰਹੀ ਕਾਇਮ॥ ਪਰ ਤੁਸੀਂ ?"

9. "ਦਾਤਾ! ਅੱਜ ਇਸੇ ਆਸ ਨੂੰ ਮੁੱਖ ਰੱਖ ਕੇ,
ਪੰਥ ਦੇ ਸਮਰਾਟ ਤੇ ਦਿਲਾਂ ਦੇ ਸਿਰਤਾਜ, ਸਾਰੇ ਜੱਗ ਨੂੰ
ਜਿੱਤਨ ਵਾਲੇ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਤੁਹਾਡੀ ਜਨ
ਵਿਚ ਪਰਦੇਸ-ਗਵਨ ਸ਼ਤਾਬਦੀ ਮਨਾਉਣ ਲਈ, ਉਡੀਕ ਵਿਚ
ਦਰਸ਼ਨਾਂ ਲਈ, ਸਵਾ ਲੱਖ ਪਾਠ ਦਾ ਪ੍ਰਾਰੰਭ ਕਰਵਾ ਕੇ, ਥਾਂ ਥਾਂ
ਦੀਵਾਨ ਸਜਾ ਕੇ, ਸੁੱਤਿਆਂ ਨੂੰ ਹਲੂਣ ਦੇ ਕੇ ਜਗਾ ਰਹੇ ਹਨ ਤੇ ਮੁੜ ਫਿ
ਆਸ ਫਿਰ ਬੱਝ ਗਈ ਹੈ ਕਿ 'ਦਰਸ਼ਨ ਦੇਵਨਗੇ ਛੇਤੀ'॥"

10. "ਪ੍ਰੰਤੂ ਦਾਤਾ! 'ਤੁਸਾਂ ਬਿਨ ਸੀ:- ਮੈਂ ਨਹੀਂ ਲਭਣਾ ਢੂੰਡਿ
ਆਵਾਂਗਾ ਆਪੇ, ਨਹੀਂ ਰਹੀ ਸ਼ਕਤ ਸਾਡੇ ਵਿਚ, ਨਹੀਂ ਜਰ
ਸਕਦੇ ਹੋਰ, ਕਰੋ ਕਿਰਪਾ, ਹੋ ਜਾਏ ਮਿਹਰ, ਅਤੇ ਮੁੜ
ਪਿਆਰੀਆਂ ਸੰਗਤਾਂ ਨੂੰ, ਸਿਸਕਦੀਆਂ ਅੱਖੀਆਂ ਨੂੰ, ਸਭ
ਰਹੀ ਦੁਨੀਆਂ ਨੂੰ, ਪਵਿੱਤਰ ਦਰਸ਼ਨ ਦੇ ਕੇ ਪਾ ਦੇਵੋ
ਠੰਢ, ਬਾਰੰਬਾਰ ਪਵਿੱਤਰ ਚਰਨ ਕੰਵਲਾਂ ਤੇ ਦੋਵੇਂ ਹੱਥ
ਜੋੜ, ਗਲ ਵਿਚ ਪੱਲੜਾ ਪਾ ਕੇ, ਸੀਸ ਨਿਵਾ ਕੇ,
'ਮੈਂ ਕਰਾਂ ਇਹ ਅਰਜ਼ੋਈ॥"

## "ਉਤਸਵਾਂ ਦਾ ਇਕ ਗੀਤ"

(ਗੀਤ ਨੰ: ਦਸ)

1 "ਆਇਆ ਸਰਸਾਂ ਤੋਂ ਸਿਰਜਣ ਹਾਰ, ਏਹਦੇ ਜੇਹਾ ਹੋਰ ਕੋਈ ਨਾ"
ਹੋਇਆ ਘਰ ਘਰ ਮੰਗਲਚਾਰ, ਏਹਦੇ ਜੇਹਾ ਹੋਰ ਕੋਈ ਨਾ" ਆਇਆ ਸਰਸਾਂ........"

2. "ਵੱਡ-ਪਰਤਾਪੀ ਜੀ ਦਾ ਰਾਜ ਦੁਲਾਰਾ ਏ। ਮਾਤਭੂਪਿੰਦਰ ਜੀ ਦੀ ਅੱਖੀਆਂ ਦਾ ਤਾਰਾ ਏ।
ਮਿਲ ਗਾਂਵਦੇ ਨੇ ਸਭ ਨਰ ਨਾਰ, ਏਹਦੇ ਜੇਹਾ ਹੋਰ ਕੋਈ ਨਾ" ਆਇਆ ਸਰਸਾਂ........"

3 "ਧਾਰ ਕੇ ਦੇਹ ਜੋਤ ਰੂਪ ਆਇਆ ਭਗਵੰਤ ਏ, ਮੁਕਤ ਸਾਹਿਬ ਦਾ ਨਾਂ ਪਾਇਆ ਇਸੇ ਮੀਤ ਏ"
ਜਗ ਵੇਖ ਕੇ ਨੇ ਕੀਤਾ ਉਚਾਰ . ਏਹਦੇ ਜੇਹਾ ਹੋਰ ਕੋਈ ਨਾ" ਆਇਆ ਸਰਸਾਂ........"

4. "ਅੱਖਾਂ ਵਿਚ ਪਾ ਅੱਖੀਂ ਜੀਹਨੂੰ ਏਹਨੇ ਤੱਕਿਆ, ਗੇੜ੍ਹ ਚੁਰਾਸੀ ਵਾਲਾ ਉਹਦਾ ਜਾਵੇ ਮੁੱਕਿਆ"
ਉੱਚੀ ਧਾਹ ਕਰ ਕਰੇ ਓਹ ਪੁਕਾਰ, ਏਹਦੇ ਜੇਹਾ ਹੋਰ ਕੋਈ ਨਾ" ਆਇਆ ਸਰਸਾਂ........"

5. "ਘਰ ਘਰ ਵਿਚ ਅੱਜ ਏਹਦੀ ਵਡਿਆਈ ਏ, ਏਸਦੀ ਸੁਗੰਧ ਸਾਰੇ ਦੇਸ ਵਿਚ ਛਾਈ ਏ" (ਸੁਗੰਧ)
ਗੀਤ ਗਾ ਰਿਹਾ ਸਾਰਾ ਸੰਸਾਰ, ਏਹਦੇ ਜੇਹਾ ਹੋਰ ਕੋਈ ਨਾ" ਆਇਆ ਸਰਸਾਂ........"

6. "ਸਾਜ਼ ਉਤੇ ਰਾਗ ਜਦੋਂ ਛੇੜਦਾ ਪਿਆਰ ਦੇ, ਮਸਤੀ ਦੇ ਵਿਚ ਮਸਤਾਨੇ ਕੂਕਾਂ ਮਾਰਦੇ।
ਨਵਾਂ ਖੰਡਾਂ ਵਿਚ ਜੈ ਜੈ ਕਾਰ, ਏਹਦੇ ਜੇਹਾ ਹੋਰ ਕੋਈ ਨਾ"
"ਆਇਆ ਸਰਸਾਂ ਤੋਂ ਸਿਰਜਣ ਹਾਰ, ਏਹਦੇ ਜੇਹਾ ਹੋਰ ਕੋਈ ਨਾ"

Sri Satguru Jagjit Singh Ji Elibrary NamdhariElibrary@gmail.com

## "ਗੁਰੂ ਚਰਨਾਂ ਦੀ ਧੂੜੀ"

(ਗੀਤ ਨੰ: ਗਿਆਰਾਂ)

1. ਮੇਰੇ ਗੁਰੂ ਚਰਨਾਂ ਦੀ ਧੂੜੀ, ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ
ਪੱਲੜਾ ਫੜਿਆ ਤਰਿਆ, ਸੰਸਾਰ ਤੋਂ ਪਾਰ ਜਾਈਦੇ॥ ਮੇਰੇ ਗੁਰੂ ਚਰਨਾਂ ਦੀ ਧੂੜੀ॥

2. ਜਿਸ ਮਸਤਕ ਨੂੰ ਏਹ ਛੂਹ ਜਾਵੇ॥ ਜੋ ਇੱਛੇ ਸੋਈ ਫਲ ਪਾਵੇ॥
ਜਿਸ ਤਨ ਲਾਗੀ ਸੋ ਵਡਭਾਗੀ॥ ਜਨਮ ਜਨਮ ਦੀ ਸੋਈ ਜਾਗੀ॥
ਏਹ ਧੂੜੀ ਨਹੀਂ, ਹੈ ਨੂਰੀ॥ ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ........॥

3. ਜੋ ਧੂੜੀ ਦਾ ਕਰੇ ਇਸ਼ਨਾਨ॥ ਉਸਦੇ ਮਨ ਤੋਂ ਉਤਰੇ ਗੁਮਾਨ॥
ਇਸ ਧੂੜੀ ਨੂੰ ਤਰਸਨ ਦੇਵ॥ ਸਦਾ ਸਦਾ ਕਰ ਇਸਦੀ ਸੇਵ॥
ਦੁਖ ਤਨ ਦੇ ਕਰਦੀ ਦੂਰੀ॥ ਆਸਾ ਕਰਦੀ ਏ ਪੂਰੀ॥ ਆਸਾ ਕਰਦੀ ਏ ਪੂਰੀ, ਜਿਸ ਜਿਸ ਪੱਲੜਾ ਫੜਿਆ.........॥

4. ਜਿਸ ਦਾ ਇਸਦੇ ਨਾਲ ਪਿਆਰ॥ ਓਹ ਭਵਜਲ ਤੋਂ ਉਤਰੇ ਪਾਰ॥
ਜੋ ਇਸਦੀ ਕਰਦੇ ਅਰਦਾਸ॥ ਕਾਰਜ ਹੋਵਨ ਉਸਦੇ ਰਾਸ॥ "ਨਗਰ ਸਕੇਤ ਮੰਡੀ ਵਿਚ ਰਹਿੰਦੀ, ਲਾਜੋ ਬਣੀ ਮਾਈ॥
ਵਡਭਾਗਣ ਸਤਿਗੁਰੂ ਜੀ ਦੇ ਚਰਨਾਂ ਦੀ ਸ਼ੈਦਾਈ॥ ਏਕ ਦਿਨ ਭੇਟੀ ਥਾਲੇ ਤੇ ਪਾਈ, ਫੁੱਲਾਂ ਦੇ ਨਾਲ ਫੁੱਲਿਆ॥ ਤਾਂ ਪ੍ਰੇਮ ਦੀ ਜੁੜ ਗਈ ਉਸ
ਨੈਣ ਨੀਰਾ ਡੁੱਲ੍ਹਿਆ॥ ਵਾਗ ਨਾਲ ਕੀ ਮੈਂ ਵਡਭਾਗਣ, ਜੇ ਕਰ ਚਰਨ ਇਥੇ ਹੈ, ਮੇਰੇ ਦਿਲ ਦੀ ਧੜਕਨ ਸੁਣਕੇ, ਆ ਦੇਵੀਂ ਲਗਾਵੇ॥
ਏਧਰ ਤਾਰ ਪ੍ਰੇਮ ਦੀ ਖੜਕੀ, ਉਧਰ ਵਡ ਪਰਤਾਪੀ॥ ਫੁਰਮਾਇਆ ਚਲਣ ਨੂੰ ਚਾ ਕੀਤਾ, ਪਹੁੰਚੇ ਆਨ ਸੁਆਮੀ॥

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

## "ਪਿਛਲੇ ਪੰਨੇ ਦੀ ਬਾਕੀ"

"ਸਾਡੀ ਲੋਚੀਏਂ ਦੇਹ ਦਰਸ਼ਨ, ਭੁੱਖ ਲੱਗੀ ਹੈ ਬਹੁਤੀ॥"
ਵਿਚੋਂ ਸਾਰਿਆਂ ਵਿਸਦੀ ਖਬਰ, ਤਾਰਨਦੇਂ ਦੀ ਬਹੁਤੀ॥
ਚਾਰ-ਚਾਰ ਮੂੰਹੋਂ ਬੋਲ ਰਹਿੰਦੀ, ਪੂਰੀ ਕਰਦੇ ਆਸ ॥
ਕਦੋਂ ਨ ਜਾਏ ਖ਼ਿਰਖਾ ਸੈਂਦੇ, ਕੀਤੀ ਹੈ ਦੇ ਅਰਦਾਸ॥"
"ਜੋ ਕਰਦੇ ਵਿਸਦੀ ਅਰਦਾਸ॥ ਕਾਰਜ ਉਸਦੇ ਹੋਣ ਰਾਸ॥"
ਸੁਖ ਮਨਦੇ ਮਿਲਨ ਜ਼ਰੂਰੀ॥ ਆਸਾ ਕਰਦੀ ਦੇ ਪੂਰੀ॥ ਆਸਾ ਕਰਦੀ ਦੇ ਪੂਰੀ॥
ਜਿਸ ਜਿਸ ਪੱਲਾ ਫੜਿਆ ਤਰਿਆ, ਸਤਿਗੁਰ ਤੋਂ ਬਲ ਜਾਈਏ"

ਮੇਰੇ ਗੁਰੂ ਚਰਨਾਂ ਦੀ ਧੂੜੀ॥
ਮੇਰੇ ਗੁਰੂ ਚਰਨ ਦੀ ਧੂੜੀ॥

# "ਵਿੱਛੜੇ ਪ੍ਰੀਤਮ ਦੀ ਯਾਦ"

(ਗੀਤ ਨੰ: ਚਾਰ)

## "ਰੁਬਾਈ"

"ਭਾਦਰੋਂ ਭਾ ਵਿਛੋੜੇ ਵਾਲੀ, ਸੀਨੇ ਵੱਜੀ ਕਟਾਰੀ ।।
ਪੰਜਵੇਂ ਦੀ ਰਾਤ ਔਖੀ ਸਦ, ਪ੍ਰੀਤਮ ਲਾਈ ਉਡਾਰੀ ।।
ਯਾਦ ਓਹਦੀ ਵਿੱਚ ਤੜਪਨ, ਰੋਣ, ਪਾ ਗਿਆ ਸਾਡੇ ਪੱਲੇ ।।
ਸਾੜ ਰਹੀ ਚਾਰੀ ਜੀਵਨ ਨੂੰ, ਦੁਖ ਦੁਖ ਘਣ ਚੰਗਿਆੜੀ ।।"

---

" ਭਾਦਰੋਂ ਦਾ ਮਹੀਨਾ ਸੀਸ, ਭੁੱਲ ਭੁੱਲ ਖਾਵੇ ।। ਵਿਛੜੇ ਪ੍ਰੀਤਮ ਦੀ ਪਈ ਯਾਦ ਸਤਾਵੇ ।। (ਪਈ ਤੜਫਾਵੇ) ।।"
' ਏਸੇ ਹੀ ਮਹੀਨੇ ਸਾਥੋਂ, ਸਾਰੀ ਸਭਾ ਖੋਹ ਲਿਆ ।। ਮੁਖੜਾ ਪਿਆਰਾਂ ਵਾਲਾ ਸਦਾ ਲਈ ਲੁਕੋ ਲਿਆ ।।
ਬਿਰਹੋਂ ਵਾਲਾ ਤੀਰ ਪਿਆ, ਕਾਲਜਾ ਜਲਾਵੇ ।। ਚੈਨ ਨਾ ਆਵੇ ।। ਭਾਦਰੋਂ ਦਾ ਮਹੀਨਾ .........।।'
' ਕੀ ਕੀ ਮੈਂ ਗੱਲ ਦੱਸਾਂ, ਨੀਤ ਸਦੇ ਪਿਆਰ ਦੀ ।। ਦੁਖੀਆਂ ਦੇ ਲਈ ਕੀਤੇ ਓਹਦੇ ਉਪਕਾਰ ਦੀ ।।
ਅੱਖੀਆਂ ਚੋਂ ਹੰਝੂਆਂ ਦੀ, ਧਾਰ ਵਹਿੰਦੀ ਜਾਵੇ ।। ਰੁਕਣ ਨ ਆਵੇ ।। ਭਾਦਰੋਂ ਦਾ ਮਹੀਨਾ .........।।'
' ਮਾੜਿਆਂ ਨੂੰ ਸਦਾ ਓਹਨੇ ਗਲ ਨਾਲ ਲਾ ਲਿਆ ।। ਜਿਹੀ ਧਨ ਦੇਕੇ ਕਈਆਂ ਉਠਿਆਂ ਉਠਾ ਲਿਆ ।।
ਦੁਖੀਆਂ ਦੀ ਪੁਕਾਰ ਦੇ ਮਿਆਲ ਜਾਵੇ, ਗਣਤ ਨ ਆਵੇ ।। ਭਾਦਰੋਂ ਦਾ ਮਹੀਨਾ .........'
' ਵੱਡੇ ਭਾਗਾਂ ਵਾਲੀ ਮਾਤਾ ਜੀਵਨ ਦਾ ਓਹ ਰਤਨ ਸੀ ।। ਵੇਖ ਓਹਦੀ ਚੰਗੀ ਨੂੰ ਸਾਰੇ ਕਹਿੰਦੇ ਧੰਨ ਸੀ ।।
ਓਹਦੇ ਜੇਹਾ ਫੇਰ ਕੋਈ, ਨਜ਼ਰ ਨ ਆਵੇ, ਨਾ ਕੋ ਸਮਝਾਵੇ ।। ਭਾਦਰੋਂ ਦਾ ਮਹੀਨਾ ।।"

Sri Satguru Jagjit Singh Ji Elibrary NamdhariElibrary@gmail.com

"ਭਾਦਰੋਂ ਦਾ ਮਹੀਨਾ"

(ਗੀਤ ਨੰ. ਤੇਰਾਂ)

'ਚੜ੍ਹਿਆ ਭਾਦਰੋਂ ਮਹੀਨਾ ਵੇ"
ਪ੍ਰੀਤਮ ਦੂਰ ਨੀ ਗਏ, ਹੁਣ ਕਾਹਦਾ ਜੀਣਾ ਵੇ"
'ਏਹ ਤਾਂ ਦੁੱਖਾਂ ਦੀ ਕਹਾਣੀ ਏ'"
ਹੰਝੂ ਪਏ ਕਿਰਦੇ ਨੇ, ਦੱਸੀ ਜਾਏ ਨਾ ਜ਼ੁਬਾਨੀ ਏ"
'ਦੁਖ ਕਿਸ ਨੂੰ ਸੁਣਾਵਾਂ ਮੈਂ'
ਦਰਦ ਵਿਛੋੜੇ ਦਾ, ਜਾ ਕੇ ਕਿਸ ਨੂੰ ਸੁਣਾਵਾਂ ਮੈਂ"
'ਦੱਸਾਂ ਕੀ ਮੈਂ ਪ੍ਰੀਤ ਦੀਆਂ'
ਯਾਦਾਂ 'ਚਿ ਦਿਨ ਲੰਘਦਾ, ਰਾਤਾਂ ਤਾਰੇ ਗਿਣ ਬੀਤਦੀਆਂ"
'ਓਹ ਸੀ ਜੋਤ ਪਿਆਰਾਂ ਦੀ'
ਓਸ ਦੀ ਤੱਕਣੀ ਚੋਂ, ਖੁਸ਼ੀ ਮਿਲਦੀ ਅਪਾਰਾਂ ਦੀ"
'ਚੰਨ ਮੁੱਖੜਾ ਛੁਪਾ ਨੀ ਗਿਆ'
'ਵਡ-ਪਰਤਾਪੀ' ਮੇਰਾ, ਸਦਾ ਲਈ ਹੋ ਜੁਦਾ ਨੀ ਗਿਆ"

Sri Satguru Jagjit Singh Ji Elibrary NamdhariElibrary@gmail.com

"ਮੁੜ ਮੁੜ ਆਵੇ ਐਸਾ ਓਹ ਜਾਣ"

(ਨੇਚਰ ਚੰਦਾਂ)

1. "ਮੁੜ ਮੁੜ ਆਵੇ ਐਸਾ ਓਹ ਜਾਣ"
ਜੀਵਨ ਦੇਣ ਵਾਲੀ ਓਹ ਜਾਣ"
ਜਾਣ ਚਹੀ ਇਹ ਜਿਗਰ ਦਾ ਟੋਟਾ"
ਪੌ ਗਿਆ ਅਚਨਚੇਤ ਵਿਛੋੜਾ"
'ਜੀਵਨ ਮਾਤਾਂ ਦਾ ਓਹ ਚੈਨ"
ਸਾਰੇ ਆਖਣ ਉਸਨੂੰ ਪੈਨ"
ਅਰਸ਼ੋਂ ਉਤਰਿਆ ਸੀ ਇਕ ਨੂਰ"
ਹਨੇਰਾ ਫਰਸ਼ ਦਾ ਹੋਇਆ ਦੂਰ"
ਰਿੰਮ੍ਹੀ ਰਿੰਮ੍ਹੀ ਹੋਈ ਫੁਹਾਰ"
ਆਇਆ ਐਸਾ ਸਿਰਜਣਹਾਰ"
ਭੈਣੀ ਦੇ ਵਿੱਚ ਖੁਸ਼ੀਆਂ ਆਈਆਂ"
ਮੋਰਾਂ ਰੰਗ ਰੰਗ ਪੈਲਾਂ ਪਾਈਆਂ"
ਆਖਣ ਇਸਨੂੰ ਪੀਚੀ-ਛੋੜ"
ਦਿੱਤੇ ਇਸਨੇ ਸੰਗਲ ਤੋੜ"
ਰੂਪ ਨਾਰਾਇਣ ਆਇਆ ਆਪ"
ਇਸ ਦਾ ਜੱਗ ਵਿੱਚ ਵੱਡ ਪਰਤਾਪ" "

2. "ਉਸਦੇ ਕਦਨ ਕਦਨ ਗੁਣ ਗਾਵਾਂ"
ਕੀਕੂੰ ਮਨ ਦੀਆਂ ਸਧਰਾਂ ਲਾਹਵਾਂ"
ਸਾਰੀ ਕਲਮ ਘਸੇ ਚਾਹ ਜਾਇ"
ਤਉ ਭੀ ਮਹਿਮਾ ਲਿਖਨ ਨ ਜਾਇ"
ਕੀਤੀ ਉਸ ਤਪੱਸਿਆ ਭਾਰੀ"
ਨਾਮ ਜਪਾਇਆ ਨਰ ਤੇ ਨਾਰੀ"
ਸਤਿਗੁਰ ਜੀ ਦਾ ਇਹ ਫੁਰਮਾਨ"
ਗੁਰਮੁਖ ਨਾਮ ਦਾਨ ਇਸ਼ਨਾਨ"
ਉਸਨੇ ਨਾਮ ਦਾ ਛਿੜਕਿਆ ਕੇਸਰ"
ਰੰਗੇ ਗਏ ਇਸ ਵਿਚ ਕਈ 'ਕੇਸਰ'"
'ਰਹਿੰਦੇ ਮਗਨ ਸਦਾ ਵਿਚ ਸਿਮਰਨ"
ਇਕ ਲਗਨ ਲਗੀ 'ਹਰਿ ਦਰਸ਼ਨ'"
ਕਹਿੰਦੇ ਸਤਿਗੁਰੂ ਰਾਮ ਸਿੰਘ ਆਉਣਾ"
ਭੁੱਲਿਆਂ ਨੂੰ ਮੁੜ ਰਾਹੇ ਪਾਉਣਾ"
'ਸੱਚੇ ਦਰਸ਼ਨ ਦੀ ਸੀ ਮੰਗ"
ਚੜ੍ਹਿਆ ਨੂਰ ਸਵਾਇਆ ਰੰਗ"

(ਜਾਰੀ ਅਗਲੇ ਪੰਨੇ ਤੇ)

(ਪਿਛਲੇ ਪੰਨੇ ਦੀ ਬਾਕੀ)

ਉਸਨੇ ਘਰ ਘਰ ਹੁਕਮ ਸੁਣਾਏ ॥
ਲੱਖਾਂ ਪਾਠ ਦੇ ਭੋਗ ਪਵਾਏ ॥
ਚੌਕੀ ਹੋਮ ਦੇ ਜੱਗ ਕਰਵਾਏ ॥
'ਕੌਹੜੇ' ਸਤਿਗੁਰ ਆਏ ਕਿ ਆਏ ॥

3. ਉਸਦੇ ਅੰਦਰ ਸੀ ਇਕ ਦਰਦ ॥
ਉਹ ਇਕ ਸੱਚਾ ਸੁੱਚਾ ਮਰਦ ॥
ਨਕਦ ਨਾਮ ਲੇਖ ਉਸ ਸੌਦੇ ॥
ਸਾਰੇ ਚੰਗੇ ਕੋਈ ਨਾ ਮੰਦੇ ॥
ਪ੍ਰੇਮ ਕਰਨ ਦੀ ਦੱਸੀ ਜਾਚ ॥
ਹਿੰਦੂ ਮੁਸਲਿਮ ਸਿੱਖ ਮਿਲਾਪ ॥
ਦੱਸੀ ਉਹ ਪੁਰਤਨ ਰੀਤ ॥
ਜੀਉਂਦਾ ਰਹੇ ਸਦਾ ਸੰਗੀਤ ॥
ਸਭੇ ਭੇਦੀ ਸਾਹਿਬ ਸਮਾਏ ॥
ਸਭ ਨੇ ਮਨ ਭਾਉਂਦੇ ਫਲ ਪਾਏ ॥
ਕਿਸੇ ਨੂੰ ਪੌੜੀ ਤੇ ਕਿਸੇ ਨੂੰ ਸੌੜ ॥
ਕਿਸੇ ਨੂੰ ਪੰਗ ਤੇ ਸਾਹਿਬਿਆਦਾ ਰੱਜ ॥

ਸਭਨਾਂ ਦੇ ਮਨ-ਮੀਤ ਪਿਆਰੇ ॥
ਉਹ ਸਨ ਬਖ਼ਸ਼ਸ਼ ਦੇ ਭੰਡਾਰੇ ॥
ਫਿਰਦੇ ਰਹੇ ਉਹ ਦੇਸ਼ ਵਿਦੇਸ਼ ॥
ਦਿੰਦੇ ਰਹੇ ਉਹ ਸਦ ਉਪਦੇਸ਼ ॥
ਅਪਣੇ ਅੰਦਰ ਪਾਵੇ ਝਾਤ ॥
ਸਤਿਗੁਰ ਕਿੰਨੀ ਵੱਡੀ ਦਾਤ ॥
ਜੇਹੜਾ ਦਰ ਤੇ ਆਏ ਸਵਾਲੀ ॥
ਵੇਖੇ ਕਦੇ ਨ ਮੁੜਿਆ ਖ਼ਾਲੀ ॥
ਸਭ ਦੀ ਭਰ ਦਿੱਤੀ ਉਸ ਝੋਲੀ ॥
ਸੈਲੀ ਬਖ਼ਸ਼ਸ਼ ਦੀ ਉਸ ਸੇਲੀ ॥
ਦਰ ਫਿਰਦੇ ਲੱਖ-ਪਤੀ ਬਣਾਏ ॥
ਕੋੜ੍ਹਿਆਂ ਤੋਂ ਉਸ ਰੋਗ ਨਿਪਟਵਾਏ ॥
ਨੰਗੰਦਾਂ ਨੂੰ ਦਿੱਤੇ ਪੁੱਤਰ ॥
ਜਿਸ ਵੇਲ ਸਾਈਕਲ, ਉਸ ਨੂੰ ਮੋਟਰ ॥
ਇਹ ਸਤਿਗੁਰੂ ਜੀ ਦਾ ਪਰ-ਉਪਕਾਰ ॥
ਜਿਸਦਾ ਕੋਈ ਨ ਪਾਰਾਵਾਰ ॥

(ਬਾਕੀ ਅਗਲੇ ਪੰਨੇ ਤੇ)

(ਪਿਛਲੇ ਪੰਨੇ ਦੀ ਬਾਕੀ)

4. "ਮਹੀਨਾ ਭਾਦਰੋਂ ਦਾ ਸੀ ਆਇਆ॥
ਭੈਣੀ ਸਾਹਿਬ ਜੱਗ ਰਚਾਇਆ॥
ਸਾਰੇ ਰਲ ਮਿਲ ਏਥੇ ਆਵੇ॥
ਸਤਿਗੁਰ ਜੀ ਦੀ ਯਾਦ ਮਨਾਵੇ॥
'ਸਤਿਜੁਗ' ਰਾਹੀਂ ਇਹ ਸੰਦੇਸ਼॥
ਪਹੁੰਚਾ ਘਰ ਘਰ ਦੇਸ ਬਦੇਸ਼॥
ਦੂਰ ਪਏ ਕਈ ਕਰਨ ਲਈ ਦਰਸ਼ਨ॥
ਸਾਥੋਂ ਖੁੰਝ ਗਏ ਹਰਿ ਚਰਨਨ॥
ਮਨ ਵਿਚ ਹੋਰ ਤੇ ਹੋ ਗਈ ਹੋਰ॥
ਜਿਸ ਅੱਗੇ ਨਾ ਕਿਸੇ ਦਾ ਜ਼ੋਰ॥
ਪੰਜ ਛੇ ਦੀ ਔਖੀ ਰਾਤ॥
ਮੁਕ ਗਈ ਖੁਸ਼ੀਆਂ ਦੀ ਪਰਭਾਤ॥
ਮੁੜ ਮੁੜ ਯਾਦ ਘੜੀ ਉਹ ਆਵੇ॥
ਸੀਨਾ ਲੂਹਦਾ ਲੂਹਦਾ ਜਾਵੇ॥
ਆਉਣਾ ਸੀ ਉਸ ਵਲ ਬੇਰੋਕ॥
ਤੁਰ ਪਏ ਚੁਪ ਚੁਪੇ ਪਰਲੋਕ॥
ਇਹ ਹੈ ਉਸਦਾ ਸੱਚਾ ਭਾਣਾ॥
ਜਿਥੇ ਸਭਨਾ ਸੀਸ ਨਿਵਾਣਾ॥"

---

5. "ਭੈਣੀ ਸਾਹਿਬ ਦੇ ਉਹ ਮੰਦਰ॥
ਜਿਥੇ ਬਹਿੰਦੇ ਸਾਵਲ ਸੁੰਦਰ॥
ਸੁੰਞੇ ਹੋ ਗਏ ਅੱਜ ਉਹ ਸਾਰੇ॥
ਬਾਝੋਂ 'ਹਰ-ਪਰਤਖ' ਪਿਆਰੇ॥
ਉਹ ਤਾਂ ਦੂਰ ਗਏ ਸਾਥੋਂ ਦੂਰ॥
ਛਾਇਆ ਉਸ ਦਾ ਹਰ ਥਾਂ ਨੂਰ॥
ਜੋਤ ਉਹ ਪਰਤੂਖ ਹੈ ਹੋਰ॥ ਜਿਸਨੇ ਪਕੜੀ ਸਾਡੀ ਡੋਰ॥
ਇਹ ਹੈ ਸ੍ਰੀ ਸਤਿਗੁਰੂ ਜਗਜੀਤ॥ ਬਖਸ਼ੀਓ ਇਨ੍ਹ ਵਿਚ ਪਰਤੀਤ॥
ਇਹੀ ਦਿਲ ਦੀ ਇਕ ਉਮੰਗ॥ ਚੜ੍ਹਿਆ ਰਹੇ ਸਦਾ ਇਹ ਰੰਗ॥
ਮਿੱਠੀ ਮਿੱਠੀ ਉਸਦੀ ਯਾਦ॥ ਜੀਵਨ ਦੇਣ ਵਾਲੀ ਉਹ ਯਾਦ॥
ਹਰਦਮ ਯਾਦ ਰਹੇ ਉਹ ਯਾਦ॥
ਭੁਲਣ ਵਾਲੀ ਨਹੀਂ ਉਹ ਯਾਦ॥
ਮੁੜ ਮੁੜ ਆਵੇ ਅੱਜ ਉਹ ਯਾਦ॥
ਮੁੜ ਮੁੜ ਆਵੇ ਅੱਜ ਉਹ ਯਾਦ॥"

"ਜੋਤ ਜਗਾਵਾਂ ਦਿਨ ਰਾਤ"

(ਗੀਤਕਾਰ: ਧੀਰਗਾਂ)

"ਤੈਂ ਬਿਨ ਜੀਵਨ ਕਾਹਦਾ ਜੀਵਨ, ਪਾਵੇਂ ਜੇ ਨਾ ਝਾਤ॥
ਸਭ ਕਿਛੁ ਸੁੰਞਾ ਸੁੰਞਾ ਜਾਪੇ, ਕੋਇ ਨਾ ਪੁਛੇ ਵਾਤ॥
ਤੇਰੀ ਨਦਰ ਜੇ ਹੋਇ ਸਵੱਲੀ, ਲੱਖ ਖੁਸ਼ੀਆਂ ਮਨ ਚਾਉ,
ਮਨ ਮੰਦਰ ਵਿਚ ਜੋਤੀ ਤੇਰੀ, ਜਗੀ ਰਹੇ ਦਿਨ ਰਾਤ॥"

1. "ਦਾਤਾ! ਤੇਰੀ ਜੋਤ ਮੈਂ ਜਗਾਵਾਂ ਦਿਨੇ ਰਾਤ॥ ਸਤਿਗੁਰੂ ਜਗਜੀਤ ਨੂੰ ਧਿਆਵਾਂ ਦਿਨੇ ਰਾਤ॥"
ਦਾਤਾ! ਤੇਰੀ ਜੋਤ ਮੈਂ........
2. "ਸੁੰਦਰ ਸਰੂਪ ਤੇਰਾ ਅੱਖੀਆਂ ਨੂੰ ਭਾ ਗਿਆ॥ ਅੱਖੀਓਂ ਉਤਰ ਮੇਰੇ ਸੀਨੇ 'ਚ ਸਮਾ ਗਿਆ॥"
'ਆਰਤੀ ਉਤਾਰਾਂ ਦਿਨ ਵੇਲੇ ਪਰਭਾਤ॥' ਦਾਤਾ! ਤੇਰੀ ਜੋਤ ਮੈਂ........॥
3. "ਕੰਨਾਂ ਨੇ ਅਵਾਜ਼ ਸੁਣੀ ਤੇਰੇ ਮਿਠੇ ਬੋਲ ਦੀ॥ ਸੁਧ ਬੁੱਧ ਭੁਲੀ ਵਾਂਗ ਬਉਰੀ ਹੋਈ ਡੋਲਦੀ॥"
'ਹਰਦਮ ਪੈਂਦੀ ਰਹੇ ਮੈਨੂੰ ਤੇਰੀ ਝਾਤ॥' ਦਾਤਾ! ਤੇਰੀ ਜੋਤ ਮੈਂ........॥
4. "ਸੰਗਾਂ ਜੇਹੇ ਸੰਗ ਇਕੋ ਤੇਰੇ ਨਾਲ ਪ੍ਰੀਤ ਹੋਵੇ॥ ਤੇਰੇ ਬਿਨਾਂ ਕਿਸੇ ਤੇ ਨਾ ਹੋਰ ਪਰਤੀਤ ਹੋਵੇ॥"
'ਨਾਮ ਦੀ ਖੁਮਾਰੀ ਚੜ੍ਹੀ ਰਹੇ ਦਿਨ ਰਾਤ॥' ਦਾਤਾ! ਤੇਰੀ ਜੋਤ ਮੈਂ........॥
5. "ਗੁਰੂ ਪਰਤਾਪ ਜੀ ਦੀ ਅੱਖੀਆਂ ਦਾ ਨੂਰ ਵੇ॥ ਮਾਤ ਭੂਪਿੰਦਰ ਜੀ ਦਾ ਹੀਰਾ ਕੋਹਿਨੂਰ ਵੇ॥"
'ਚਰਨਾਂ ਦੀ ਭੇਟ 'ਦਿਲ' ਕਰਾਂ ਇਹ ਸੁਗਾਤ॥' ਦਾਤਾ! ਤੇਰੀ ਜੋਤ ਮੈਂ ਜਗਾਵਾਂ ਦਿਨੇ ਰਾਤ॥"

## "ਭੈਣੀ ਦੇ ਚੋਹੜਾਂ ਤੇ ਰਹਿੰਦੇ ਪੰਛੀ"
## 'ਦੀ ਇਕ ਕਹਾਣੀ'

(ਗੀਤ ਨੰ: ਸੋਲ੍ਹਾਂ)

1. "ਭੈਣੀ ਦੇ ਚੋਹੜਾਂ ਤੇ ਰਹਿੰਦੇ, ਪੰਛੀ ਦੀ ਇਕ ਕਹਾਣੀ"
ਅੰਮ੍ਰਿਤ ਵੇਲੇ ਨਿੱਤ ਉਹ ਉਠਕੇ, ਸੁਣਦਾ ਕੀਰਤਨ ਬਾਣੀ" "

2. "ਆਉਂਦੀ ਸੰਗਤ ਨੂੰ ਉਹ ਤੱਕੇ, ਵਾਰੀ ਸਦਕੜੇ ਜਾਂਦੀ"
ਸਤਿਗੁਰ ਜੀ ਦੇ ਚਰਨਾਂ ਤੇ ਆਣ, ਆਪਣੇ ਸੀਸ ਨਿਵਾਂਦੀ" "

3. "ਲਗਨ ਉਠੀ ਉਸਦੇ ਦਿਲ ਅੰਦਰੋਂ, ਮਾਣਸ ਜਨਮ ਮੇਰਾ ਹੁੰਦਾ"
ਮੈਂ ਵੀ ਪ੍ਰੀਤਮ ਜੀ ਦੇ ਚਰਨੀਂ, ਜਾ ਕੇ ਸੀਸ ਨਿਵਾਉਂਦਾ" "

4. "ਇਕ ਦਿਨ ਆਸਣ ਤੋਂ ਉਠਕੇ ਜਦ, ਪ੍ਰੀਤਮ ਕਰੀ ਤਿਆਰੀ"
ਇਕ ਪਉੜੇ ਵਿਚ ਚਰਣ ਟਿਕਾ ਜਾ, ਅਚਰਜ ਖੇਲ ਦਿਖਾਰੀ" "

5. "ਉਹ ਪੰਛੀ ਉਡਕੇ ਝੱਟ ਆਇਆ, ਉਸ ਚਰਣ ਲਪਟਾ ਜਾ"
ਪਾਸ ਖੜੋਤੀ ਸੰਗਤ ਦਾ ਮਨ, ਵਿਚ ਵਿਸਮਾਦਤਾ ਛਾਜਾ" "

6. "ਕਹਿਣ ਲੱਗੇ ਸਾਡੇ ਨਾਲੋਂ ਏਹ, ਪੰਛੀ ਜਨਮ ਚੰਗੇਰਾ"
ਕੀਤੂ ਚਰਨ-ਧੂੜ ਮੁਖ ਲਾਕੇ, ਜਾ ਫਿਰੇ ਮੁਖ ਪਲੇਗਾ" "

Sri Satguru Jagjit Singh Ji Elibrary NamdhariElibrary@gmail.com

## "ਮੇਰਾ ਭੈਣੀ ਵਾਲਾ"

(ਜੋਤ ਨੇ. ਮਤਾਰਾਂ)

1\. "ਮਾਤਾ ਸਦਾ ਕੌਰ ਜੀ ਦੀ ਅੱਖੀਆਂ ਦਾ ਤਾਰਾ॥ ਪਿਤਾ ਜੱਸਾ ਸਿੰਘ ਜੀ ਦਾ ਰਾਜ ਦੁਲਾਰਾ॥"
ਸਾਰੇ ਜੱਗ ਨਾਲੋਂ ਸੋਹਣਾ ਮੇਰਾ ਭੈਣੀ ਵਾਲਾ॥

2\. "ਮਾਘ ਸੁਦੀ ਪੰਚਮੀ ਤੇ ਦਿਨ ਵੀਰਵਾਰ ਏ॥ ਜਗਤ ਦੇ ਮਾਲਕ ਭੈਣੀ ਲਿਆ ਅਵਤਾਰ ਏ॥
ਰੁੱਤ ਬਸੰਤ ਵੇਹੜੇ ਖਿੜੀ ਗੁਲਜ਼ਾਰ ਏ॥ ਝੂਮ ਝੂਮ ਗਾਂਵਦੇ ਨੇ, ਝੂਮ ਝੂਮ ਗਾਂਵਦੇ ਨੇ..........
ਆਇਆ ਪ੍ਰਤਿਪਾਲ, ਮੇਰਾ ਭੈਣੀ ਵਾਲਾ॥ ਮਾਤਾ ਸਦਾ ਕੌਰ............"

3\. "ਬਾਗਾਂ ਤੇ ਬਹਾਰਾਂ ਅੱਜ ਖੁਸ਼ੀਆਂ ਨੇ ਛਾਈਆਂ॥ ਝੂਮ ਝੂਮ ਸੈਰਾਂ ਅੱਜ ਪੌਣਾਂ ਨੇ ਪਾਈਆਂ
ਮਾਤ ਸਦਾ ਕੌਰ ਜੀ ਨੂੰ ਮਿਲਨ ਵਧਾਈਆਂ॥ ਨਾਲੇ ਮਿਲ ਆਖਦੇ ਨੇ, ਨਾਲੇ ਮਿਲ ਆਖਦੇ
ਆਇਆ ਨੂਰ ਦਾ ਉਜਾਲਾ, ਮੇਰਾ ਭੈਣੀ ਵਾਲਾ॥ ਮਾਤ ਸਦਾ ਕੌਰ.........."

4\. "ਖਿੜ ਗਈ 'ਬਸੰਤ-ਰੁੱਤ' ਫੁੱਲੀਨ ਸਜਾਂਵਦੀ॥ ਪੀਂਘਾ ਦੇ ਸੁਆਗਤ ਵਿਚ ਖੁਸ਼ੀਆਂ ਮਨਾਂਵਦੀ॥
ਮਨ ਮੋਹਣੇ ਗੀਤ ਹਰ ਇਕ ਨੂੰ ਸੁਣਾਂਵਦੀ॥ ਜੱਗ ਉੱਤੇ ਆ ਗਿਆ ਨੀ ਹਿੰਦ ਰਖਵਾਲਾ,
ਹਿੰਦ ਰਖਵਾਲਾ, ਮੇਰਾ ਭੈਣੀ ਵਾਲਾ॥ ਮਾਤਾ ਸਦਾ ਕੌਰ.........."

(ਬਾਕੀ ਅਗਲੇ ਪੰਨੇ ਤੇ)

"ਪਿਛਲੇ ਪੰਨੇ ਦੀ ਬਾਕੀ"

5. "ਰੂਪ ਧਾਰ ਆਇਆ ਏਹ ਤਾਂ, ਆਪ ਕਰਤਾਰ ਜੀ",
ਠੰਢ ਲੋਆ ਕੂਲੀ ਸੁਖ, ਸੀਤਲ ਸਮਾਨ ਜੀ"
ਕਰਾਂ ਕੁਰਬਾਨ ਏਹ ਤੋਂ ਦੋਵੇਂ ਜਹਾਨ ਜੀ"
ਕੋਇਲ ਪਈ ਗਾਂਵਦੀ ਏ, ਕੋਇਲ ਪਈ ਗਾਂਵਦੀ ਏ........,
ਏਹੋ ਹੈ ਕੈਂਠਾਵਾਲਾ, ਮੇਰਾ ਭੈਣੀ ਵਾਲਾ" ਮਾਤਾ ਸਦਾ ਕੌਰ........" "

6. "ਨਾਉਂ ਸੁਣ ਸੰਗਲ ਸਿੰਘਾ, ਆਇਆ ਅਜਮਾਨ ਜੀ"
ਅਵਾਜ਼ ਮਾਰ ਦਾਤੇ ਦਿੱਤਾ, ਨਾਮ ਵਾਲਾ ਦਾਨ ਜੀ".
ਮੁੱਖ ਚੁੱਪ ਭੁੱਲੀ ਹੋਇਆ ਆਤਮ ਗਿਆਨ ਜੀ"
ਚੀਨੀ ਪੰਜੀ ਭੇਟ ਕਰਕੇ, ਚੀਨੀ ਪੰਜੀ ਭੇਟ ਕਰਕੇ........ ........
ਕਹਿੰਦਾ ਚੀਨੀ ਵਾਲਾ, ਮੇਰਾ ਭੈਣੀ ਵਾਲਾ"

" ਮਾਤਾ ਸਦਾ ਕੌਰ ਜੀ ਦੀ ਅੱਖੀਆਂ ਦਾ ਤਾਰਾ ਪਿਤਾ ਜੱਸਾ ਸਿੰਘ ਜੀ ਦਾ ਰਾਜ ਦੁਲਾਰਾ" "
ਸਾਰੇ ਜੱਗ ਨਾਲੋਂ ਸੋਹਣਾ ਮੇਰਾ ਭੈਣੀ ਵਾਲਾ"

# "ਮਹਿਮਾ ਅਪਰ ਅਪਾਰ"

(ਗੀਤਕ: ਅਸਠਰਾਂ)

1. "ਮੇਰੇ ਸਤਿਗੁਰ ਦੀ ਮਹਿਮਾ, ਅਪਰ ਅਪਾਰ ਜੀਓ
ਅੰਤ ਨਾ ਪਾਇਆ ਕਹਿੰਦੇ, ਵੇਦ ਪੁਕਾਰ ਜੀ"
'ਮੇਰੇ ਸਤਿਗੁਰ ਦੀ..............................

2. "ਪੱਲੜਾ ਜਿਸ ਫੜਿਆ ਮੇਰੇ, ਗੁਰੂ ਪਰਤਖ ਦਾ
ਦੁੱਖੜੇ ਮਿਟ ਜਾਂਦੇ ਉਸਦੇ, ਜੋਤ ਵੱਲ ਝਾਕਦਾ
ਰਹਿਮਤ ਦਾ ਭਰਿਆ ਮੇਰਾ, ਦੀਨਨ ਦਇਆਲ ਜੀ"
'ਮੇਰੇ ਸਤਿਗੁਰ ਦੀ..............................

3. "ਸੱਚ ਸੋਧ ਨਾਮਧਾਰੀ, ਦਇਆ ਦਾ ਭੰਡਾਰ ਸੀ ਓਹ
ਦੁੱਖ ਸੁੱਖ ਵੇਲੇ ਦਸਿਆ, ਸੱਚਾ ਮਦਦ-ਗਾਰ ਸੀ ਓਹ
ਦੁਖੀਆਂ ਦਾ ਦਰਦੀ ਮੇਰਾ, ਪਰਵਦ-ਗਾਰ ਜੀ"
'ਮੇਰੇ ਸਤਿਗੁਰ ਦੀ..............................

4. "ਸਾਦਗੀ ਦਾ ਰਹਿਬਰ ਦਾਤਾ! ਤਿਆਗੀ ਮਹਾਨ ਸੀ
ਗ਼ਰੀਬਾਂ ਨੂੰ ਉਠਾਲਾ ਦੇਂਦੀ, ਉੱਚੀ ਸੁੱਚੀ ਸ਼ਾਨ ਸੀ
ਸਾਰਿਆਂ ਘਟਾਂ ਦੇ ਵਿਚ ਏਸ ਦਾ ਅਕਾਰ ਜੀ"
'ਮੇਰੇ ਸਤਿਗੁਰ ਦੀ..............................

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji Elibrary NamdhariElibrary@gmail.com

(ਪਿਛਲੇ ਪੰਨੇ ਦੀ ਬਾਕੀ)

5. "ਵਡ-ਪਰਤਾਪੀ ਜਦੋਂ ਆਏ ਬੈਂਕੌਕ ਸੀ"
ਅਪਨੇ ਵੱਲ ਝਾਤੀ ਮਾਰੋ, 'ਕੀਹ ਸਾਡੇ ਕੋਲ ਸੀ?'
ਏਹ ਹੈ ਸਾਰਾ ਸਭ, ਓਹਦਾ ਚਮਤ-ਕਾਰ ਜੀ"
'ਮੇਰੇ ਸਤਿਗੁਰ ਦੀ ਮਹਿਮਾਂ ਅਪਰ ਅਪਾਰ ਜੀ"
ਅੰਤ ਨ ਪਾ ਇਸਦਾ ਕਹਿੰਦੇ, ਵੇਦ ਪੁਕਾਰ ਜੀ" "

## "ਇਕ ਮੰਗ"

(ਗੀਤ ਨੰ. ਤੇਈ)

"ਪਰਤਾਪ ਗੁਰੂ ਦੀਆਂ ਸਿਫਤਾਂ ਦੇ, ਮੈਂ ਗੀਤ ਬਣਾਂਦਾ ਬਣਾਂਦਾ ਜਾਂ"
ਮੈਂ ਮੁੱਕ ਜਾਵਾਂ ਇਹ ਮੁੱਕ ਨ ਸਕਣ, ਮੈਂ ਲਿਖ ਸੁਣਾਂਦਾ ਸੁਣਾਂਦਾ ਜਾਂ" "
" ਏਹਦੇ ਕੀਤੇ ਪਰਉਪਕਾਰ ਜੇਹੜੇ, ਓਹ ਜੱਗ ਵਿੱਚ ਰੋਸ਼ਨ ਹੋ ਜਾਵਣ"
ਨਾਉਂ ਇਸਦਾ ਮੇਰੀ ਜ਼ਬਾਂ ਤੇ ਰਹੇ, ਨਿੱਤ ਏਹੋ ਧਿਆਂਦਾ ਧਿਆਂਦਾ ਜਾਂ" "
" ਦਿੱਤੇ ਇਸਦੇ ਉਪਦੇਸ਼ ਸੋਹਣੇ, ਮੇਰੇ ਹਿਰਦੇ ਅੰਦਰ ਵੱਸ ਜਾਵਣ"
ਜੀਵਨ ਦੇ ਬਾਕੀ ਸਵਾਸਾਂ ਨੂੰ, ਮੈਂ ਲੇਖੇ ਲਾਂਦਾ ਲਾਂਦਾ ਜਾਂ" "
" ਜਦ ਜਾਣ ਕਦਾਂ ਮੇਰੇ ਸੁਪਨਿਆਂ ਵਿਚ, 'ਜਗਜੀਤ ਗੁਰੂ' ਚਲ ਆ ਜਾਵੇ"
ਏਹਦੇ ਸੁੰਦਰ ਕੋਮਲ ਚਰਨਾਂ ਤੇ, ਮੈਂ ਸੀਸ ਨਿਵਾਂਦਾ ਨਿਵਾਂਦਾ ਜਾਂ"

# "ਦਰ ਤੇਰੇ ਆ ਗਿਆ"

(ਗੀਤ ਨੇ ਵੇਗ)

"ਤੇਰੇ ਦਰ ਤੇ ਜੇ ਮੈਂ ਇਹ ਸਿਰ ਨ ਝੁਕਾਂਦਾ॥ ਆਪਣੇ ਗੁਨਾਹ ਦੱਸ ਕਿਦਾਂ ਬਖਸ਼ਾਂਦਾ॥
ਮੇਹਰ ਨਿਗਾਹ ਜੇ ਮੇਰੇ ਤੇ ਨ ਹੁੰਦੀ॥ ਤਾਂ ਅਪਨਾ ਇਹ ਮੂੰਹ ਜਾਕੇ ਕਿਸਨੂੰ ਵਿਖਾਂਦਾ॥"

1. "ਦਰ ਤੇਰੇ ਆ ਗਿਆ ਮੈਂ ਬਣ ਕੇ ਭਿਖਾਰੀ॥ ਝੋਲੀ ਮੇਰੀ ਭਰ ਦੇ ਤੂੰ ਪਰ-ਉਪਕਾਰੀ॥
ਦਰ ਤੇਰੇ..................."

2. "ਗਠੜੀ ਗੁਨਾਹਾਂ ਦੀ ਮੈਂ, ਸਿਰ ਤੇ ਉਠਾਈ॥ ਤੇਰੇ ਚਰਨਾਂ ਤੇ ਦਾਤਾ! ਆ ਕੇ ਟਿਕਾਈ॥
ਮੋੜੀਂ ਨਾ ਖਾਲੀ ਤੂੰ ਹੈਂ, ਪਤਿਤ ਉਧਾਰੀ॥ ਝੋਲੀ ਮੇਰੀ ਭਰ ਦੇ..................."

3. "ਚਰਨਾਂ ਦੀ ਖ਼ਾਕ ਮੈਨੂੰ, ਮਸਤਕ ਤੇ ਲਾਣ ਦੇ॥ ਮੇਰੇ ਲਿਖੇ ਲੇਖ ਪੁੱਠੇ ਸਿੱਧੇ ਹੋ ਜਾਣ ਦੇ॥
ਕੱਢ ਦੇ ਭਰਮ ਨੀਤੀ, ਫਿਟ ਤਿਹਾਰੀ॥ ਝੋਲੀ ਮੇਰੀ ਭਰ ਦੇ..................."

4. "ਡੂੰਡਦੀ ਕਿਨਾਰਾ ਮੇਰੀ, ਜੀਵਨ ਦੀ ਨਈਆ॥ ਪਾਰ ਲੰਘਾ ਦੇ ਏਹਨੂੰ ਬਣ ਕੇ ਖਵੱਈਆ॥
ਬਿਰਦ ਪਛਾਨ ਰੱਖੀਂ, ਲੱਜਿਆ ਮੁਰਾਰੀ॥ ਝੋਲੀ ਮੇਰੀ ਭਰ ਦੇ..................."

5. "ਅਨਥਾਂ ਦੇ ਨਾਥ ਮੈਨੂੰ, ਇੱਕੋ ਤੇਰੀ ਆਸ ਵੇ॥ ਆ ਇਆ ਸ਼ਰਨ ਤੇਰੀ ਕਰੀਂ ਨ ਨਿਰਾਸ਼ ਵੇ॥
ਬਿਗੜੀ ਬਣਾ ਦੇ ਮੇਰੀ, ਕਿਸਮਤ ਹਾਰੀ॥ ਝੋਲੀ ਮੇਰੀ ਭਰ ਦੇ..................."

6. "ਤੇਰੇ ਬਿਨਾਂ ਹੋਰ ਮੈਨੂੰ, ਕੋਈ ਨਹੀਂ ਸਹਾਰਾ॥ ਤੂੰ ਹੀ ਸਵਾਮੀ ਤੂੰ ਹੈਂ ਪ੍ਰਾਣ-ਅਧਾਰਾ॥
ਅਪਣਾ ਬਣਾ ਲੈ ਮੈਂ ਹਾਂ, ਤੇਰਾ ਪੁਜਾਰੀ॥ ਝੋਲੀ ਮੇਰੀ ਭਰ ਦੇ ਤੂੰ ਪਰਉਪਕਾਰੀ॥
ਦਰ ਤੇਰੇ ਆ ਗਿਆ ਮੈਂ॥"

Sri Satguru Jagjit Singh Ji Elibrary NamdhariElibrary@gmail.com

"ਗੁਰੂ ਗੁਰੂ ਗੁਰ ਜਪ ਮਨ ਮੋਰ॥"

(ਗੀਤ ਨੰ: ਇੱਕੀ)

1 " ਦਰਸ਼ਨ ਜਿਸਦਾ ਹੈ ਅਨਮੋਲ॥ ਜਿਸ ਸਮਾਨ ਨਹੀਂ ਕੋਈ ਹੋਰ॥
ਚਰਨਾਂ ਦੇ ਨਾਲ ਮਨ ਨੂੰ ਜੋੜ॥ ਗੁਰੂ ਗੁਰੂ ਜਪੁ ਗੁਰੂ ਮਨ ਮੋਰ॥ "

2 " ਜਦ ਕੋਈ ਮੁਸ਼ਕਿਲ ਆਣ ਘਰੇ॥ ਚੌਫੇਰ ਦੁੱਖ ਦੇ ਛਾਣ ਧਪੇ॥
ਅਪਨੇ ਵੀ ਹੋ ਜਾਣ ਪਰਾਏ॥ ਹਰ ਪਾਸੇ ਅੰਧੇਰਾ ਛਾਏ॥
ਪਕੜ ਡੋਰੀ ਪਾਰ ਲੰਘਾਵਣ ਵਾਲਾ ਕੋਈ ਨਜ਼ਰ ਨ ਆਏ॥
ਜਾਣ ਆਵਦੀ ਤਦ ਉਸ ਵੇਲੇ, ਸਤਿਗੁਰ ਦੀ ਫਿਰ ਪੈਂਦੀ ਲੋੜ॥" ਗੁਰੂ ਗੁਰੂ ਜਪੁ.......

3 " ਸਤਿਗੁਰ ਦੇ ਲੜ ਲੱਗਿਆਂ ਹੁੰਦਾ, ਮਨ ਭਰਮਾਂ ਦਾ ਨਿਸਤਾਰਾ॥
ਇਸ ਦੇ ਚਰਨ-ਕੰਵਲ ਵਿਚ ਵੱਸੇ, ਗਿਆਨ ਤੇ ਭਗਤੀ ਦਾ ਭੰਡਾਰਾ॥
ਮੇਹਰ ਉਸ ਦੀ ਜਦ ਫਿਰ ਹੁੰਦੀ, ਕੋਈ ਨ ਰਹਿੰਦੀ ਘਾਟੀ ਥੋੜ॥" ਗੁਰੂ ਗੁਰੂ ਗੁਰ ਜਪੁ..... "

4 " ਨਾਮ ਏਸ ਦਾ ਜਾਣ ਰਹੇ ਤਾਂ ਜੀਵਨ ਭੀ ਆਧਾਰ ਰਹੇ॥
ਇਸ ਦੇ ਮਿੱਠੇ ਬੋਲਾਂ ਦਾ ਸਦਾ ਮਨ ਨੂੰ ਮਿਲਦਾ ਸੁਆਦ ਰਹੇ॥
ਇਸ ਭਵਜਲ ਨੂੰ ਪਾਰ ਕਰਨ ਲਈ ਗੁਰੂ ਜਗਜੀਤ ਦੀ ਫੜ ਲੈ ਡੋਰ॥" ਗੁਰੂ ਗੁਰੂ ਗੁਰ ਜਪੁ...... "

(ਗੀਤ ਨੰ. ਬਾਈ) "ਤਸਵੀਰ"

1\. "ਵੱਸ ਗਈ ਮਨ ਮੇਰੇ, ਉਹਦੀ ਤਸਵੀਰ ਨੀ"
ਆਖਦੇ ਨੇ ਲੋਕੀ ਜੀਹਨੂੰ, ਭੈਣੀ ਵਾਲਾ ਪੀਰ ਨੀ"

2\. "ਮਿੱਠੀ ਬੋਲੀ ਬੋਲ ਉਹਨੇ, ਜੱਗ ਸਾਰਾ ਮੋਹ ਲਿਆ"
ਪ੍ਰੇਮ ਦੀਆਂ ਡੋਰਾਂ ਪਾ ਕੇ, ਦਿਲ ਸਾਡਾ ਖੋਹ ਲਿਆ"
ਯਾਦ ਕਰ ਕਰ ਵੱਗੇ, ਅੱਖੀਆਂ ਚੋਂ ਨੀਰ ਨੀ" ਆਖਦੇ ਨੇ ਲੋਕੀ........."

3\. "ਉਸ ਦਿਆਂ ਨੈਣਾਂ ਵਿਚ, ਨਾਮ ਦਾ ਖੁਮਾਰ ਸੀ"
ਉਹਦੀ ਤੱਕਣੀ ਨੇ ਕੀਤਾ, ਬਉਰਾ ਸੰਸਾਰ ਸੀ"
ਆਂਵਦਾ ਨਾ ਚੈਨ ਦਿਲ ਧਰਦਾ ਨਾ ਧੀਰ ਨੀ" ਆਖਦੇ ਨੇ ਲੋਕੀ----"

4\. "ਸਾਜ਼ ਉਤੇ ਰਾਗ ਜਦੋਂ, ਪਿਆਰ ਦੇ ਸੀ ਗਾਂਵਦਾ"
ਮਸਤੀ ਦਾ ਖੇੜਾ ਤਦੋਂ, ਸਭ ਤੇ ਸੀ ਛਾਂਵਦਾ"
ਉਹਦੀਆਂ ਅਦਾਵਾਂ ਕੀਤਾ ਮੈਨੂੰ ਦਿਲਗੀਰ ਨੀ" ਆਖਦੇ ਨੇ ਲੋਕੀ....."

5\. "ਸਾਰੇ ਜੱਗ ਨਾਲੋਂ ਉਹਦਾ ਵੱਡਾ ਪਰਤਾਪ ਸੀ"
ਦੁਖੀਆਂ ਗਰੀਬਾਂ ਦਾ ਉਹ, ਸਦਾ ਮਾਈ ਬਾਪ ਸੀ"
ਉਸ ਦੇ ਵਿਛੋੜੇ ਦਿਤਾ ਸੀਨਾ ਮੇਰਾ ਚੀਰ ਨੀ" ਆਖਦੇ ਨੇ ਲੋਕੀ------."

"ਵਿਛੜੇ ਪ੍ਰੀਤਮ ਦੀ ਯਾਦ"

(ਗੀਤ ਨੰ. ਤੇਈ)

1. "ਗੁਰੂ ਰਾਮ ਸਿੰਘ ਤੇਰੇ ਦਰ ਦੇ ਦੀਵਾਨੇ" ਕੂਕਾਂ ਪਏ ਮਾਰਦੇ ਨੇ ਬਣ ਮਸਤਾਨੇ" ਤੇਰੇ ਦਰ ਦੇ ----"

2. 'ਨਈਆਂ ਨੇ ਰੋਗ ਐਸਾ ਜਿੰਦੜੀ ਨੂੰ ਲਾ ਲਿਆ"
ਬਿਰਹਾ ਦੇ ਵਿਚ ਸਾਰਾ ਜੀਵਨ ਗਵਾ ਲਿਆ"'
ਮੌਤ ਦੇ ਨਾਲ ਉਹਨਾਂ ਲਾ ਲਏ ਯਰਾਨੇ, ਤੇਰੇ ਦਰ ਦੇ ਦੀਵਾਨੇ" 'ਗੁਰੂ ਰਾਮ ਸਿੰਘ ਤੇਰੇ' "

3 'ਸਾਗਰਾਂ ਨੂੰ ਚੀਰ ਪਹੁੰਚੇ ਜਾਇ ਪਰਦੇਸ ਵਿਚ"
ਜ਼ਿੰਦਗੀ ਗੁਜ਼ਾਰੀ ਪੀਆ, ਆਪ ਦੂਰ ਦੇਸ ਵਿਚ"'
ਘੱਲਦੇ ਰਹੇ ਤੁਸੀਂ ਆਪਣੇ ਦੇ ਬਹਾਨੇ, ਬਣ ਗਏ ਅਫ਼ਸਾਨੇ" 'ਗੁਰੂ ਰਾਮ ਸਿੰਘ ਤੇਰੇ' "

4. 'ਤੇਰੀ ਯਾਦ ਵਿਚ ਕਿਵੇਂ ਬੀਤੀ ਜ਼ਿੰਦਗਾਨੀ"
ਦੁਖੀਆਂ ਦੇ ਕੀਰਨੇ, ਤੇ ਦਰਦਾਂ ਦੀ ਕਹਾਣੀ"'
ਨਾਂਉ ਲੈ ਕੇ ਤੇਰਾ ਸਭ ਦੇਂਵਦੇ ਨੇ ਤਾਹਨੇ, ਹੋ ਗਏ ਨੇ ਬੇਗਾਨੇ" 'ਗੁਰੂ ਰਾਮ ਸਿੰਘ ਤੇਰੇ' "

5. 'ਇਕੋ ਸਾਡੀ ਮੰਗ, ਤੇਰਾ ਆਖਰੀ ਦੀਦਾਰ ਹੋਵੇ"
ਜੀਵਨ ਦੀ ਨਈਆ, ਭਵ-ਸਾਗਰ ਚੋਂ ਪਾਰ ਹੋਵੇ"'
ਬਿਨਤੀ ਕਰੇਂਦੇ ਨਿੱਤ ਬਣ ਕੇ ਨਿਮਾਣੇ, ਤੇਰੇ ਦਰ ਦੇ ਦੀਵਾਨੇ" 'ਗੁਰੂ ਰਾਮ ਸਿੰਘ ਤੇਰੇ' "

# "ਮਿੰਨਤ ਇਕ ਤਰਲਾ"

(ਗੀਤ ਨੰ: ਛੇਵੀਂ)

1. "ਗਲ ਪਾ ਪੱਲੜਾ ਹੱਥ ਜੋੜ ਰਹੀ"।।
ਪੀਆ ਨਾ ਮੁੜਿਆ ਵੇ ਮੈਂ ਮੋੜ ਰਹੀ।।"

2. "ਪੀਆ ਪੁੱਛ ਨਾ ਗਿਆ ਕਦ ਆਵੇਂਗੇ।। ਮੈਨੂੰ ਕਮਲੀ ਨੂੰ ਲੈ ਗਲ ਲਾਵੇਂਗੇ।।
ਮੈਂ ਨੀਰ ਅੱਖੀਆਂ ਚੋਂ ਰੋਲ ਰਹੀ।। ਪੀਆ ਨ ਮੁੜਿਆ ਵੇ ਮੈਂ ਮੋੜ ਰਹੀ।।"

3. "ਮੇਰੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ।। ਮੈਂ ਮਨ ਦੀਆਂ ਬਾਤਾਂ ਕਹਿਣ ਲਈਆਂ।।
ਹੁਣ ਮੈਂ ਦਰ ਦਰ ਦੁਖੜੇ ਫੋਲ ਰਹੀ।। ਪੀਆ ਨ ਮੁੜਿਆ ਵੇ ਮੈਂ ਮੋੜ ਰਹੀ।।"

4. "ਦਿਨ ਜਾਵਾਂ ਵਿਚ ਹੁਣ ਚਿਤਾਨੀਆਂ ਮੈਂ।। ਤਾਰੇ ਗਿਣ ਗਿਣ ਰਾਤਾਂ ਲੰਘਾਨੀਆਂ ਮੈਂ।।
ਭਰ ਹਉਕੇ ਜਿੰਦੜੀ ਮੈਂ ਰੋਲ ਰਹੀ।। ਪੀਆ ਨ ਮੁੜਿਆ ਵੇ ਮੈਂ ਮੋੜ ਰਹੀ।।"

5. "ਪੀਆ ਮੁਖ ਮੋੜ ਮਸਤਾਨ ਪਾਹੁਲਿਆ ਏ।। ਡਾਢਾ ਵਿਰਹੋਂ ਨੇ ਸੀਨਾ ਸੱਲਿਆ ਏ।।
ਪਾ ਪ੍ਰੇਮ ਨੂੰ ਤੱਕੜੀ ਵਿਚ ਤੋਲ ਰਹੀ।। ਪੀਆ ਨ ਮੁੜਿਆ ਵੇ ਮੈਂ ਮੋੜ ਰਹੀ।।"

# "ਭੈਣੀ ਵਾਲੜੇ ਦਾ ਡੇਰਾ"

(ਗੀਤ ਨੰ: ਪੰਜ)

1 "ਦੱਸਿਓ ਨੀ ਸਹੇਲੀਓ, ਭੈਣੀ ਵਾਲੜੇ ਦਾ ਡੇਰਾ॥ ਅਰਸ਼ਾਂ ਤੋਂ ਨੂਰ ਜਿਥੇ ਪਾਇਆ ਆਕੇ ਫੇਰਾ॥"
'ਭੈਣੀ ਵਾਲੇ ਦਾ ਦਰ ਕੇਹੜਾ, ਤਿਹ ਕੇਹੜਾ, ਓਹ ਪਯਾਰ ਕੇਹੜਾ॥' "ਦੱਸਿਓ ਨੀ ਸਹੇਲੀਓ॥"

2 "ਜਿਥੇ ਓਹ ਦਾਤਾਰ ਆਕੇ ਨਾਮ ਵੰਡਦਾ॥ ਜਿਥੇ ਨਾਮ ਵਸਦਾ ਓਥੇ ਰਾਮ ਵੱਸਦਾ॥
ਉਥੋਂ ਜਮ ਨੱਸਦਾ (ਹੱਛਾ! ਜੀ) ਓਥੋਂ ਜਮ ਨੱਸਦਾ, ਜਿਥੇ ਪਿਆਰ ਵੱਸਦਾ॥
ਜਿਥੇ ਰਿਧੀ ਤੇ ਸਿਧੀਆਂ ਦਾ ਸਾਗਰ ਵੱਸਦਾ, ਉਥੇ ਜਾਣੋ ਕਿ ਆਪ ਨਿਰੰਕਾਰ ਵੱਸਦਾ॥
ਓਹੋ ਭੈਣੀ ਵਾਲੜੇ ਦਾ ਡੇਰਾ, ਕਿ ਡੇਰਾ, ਕਿ ਓਹੀਓ ਡੇਰਾ॥ "ਦੱਸਿਓ ਨੀ ਸਹੇਲੀਓ॥""

3 "ਜਿਥੇ ਨਾਮ ਦਾ ਪਯਾਰੀ ਪਹੁੰਚ ਆਇਆ ਭਗਵਾਨ॥ ਸਾਰੇ ਕੰਨ ਵਿਚ ਫੂਕ ਦੇਵੇ ਜੀਵਨ ਦਾ ਦਾਨ॥
ਦੱਸੋ ਸੱਚ ਵਾਲਾ ਰਾਹ (ਹੱਛਾ! ਜੀ) ਜਿਥੇ ਕਲੀ ਮੁਸਕਾਈ॥ ਜਿਥੇ ਫੁੱਲ ਪਰੀਤ ਖੇੜਾ ਖੁਸ਼ੀਆਂ ਲਿਆਈ॥
ਓਥੇ ਦੁਖੀਆਂ ਦਿਲਾਂ ਦਾ ਦਿਲਦਾਰ ਵੱਸਦਾ, ਓਹੋ ਭੈਣੀ ਵਾਲੜੇ ਦਾ ਡੇਰਾ ਕਿ ਓਹੀਓ ਡੇਰਾ॥ "ਦੱਸਿਓ ਨੀ""

4 "ਓਹਦੀ ਮੁੱਠੀ ਵਿਚ ਭਰਿਆ ਏ ਭਗਤੀ ਭੰਡਾਰਾ॥ ਸਾਰੀ ਦੁਖੀਆਂ ਦਾ ਦਿਸੇ ਓਹਦੇ ਨੈਣਾਂ ਚੋਂ ਨਜ਼ਾਰਾ॥
ਸਾਰੇ ਪ੍ਰੇਮ ਵਾਲੇ ਪਾਣ (ਹੱਛਾ! ਜੀ) ਓਹ ਤਾਂ ਵੰਡਦਾ ਏ ਪ੍ਰੀਤ॥ ਜਿਥੇ ਸਾਰੇ ਮਿਲ ਗਾਂਵਦੇ ਨੇ ਪਿਆਰ ਵਾਲੇ ਗੀਤ॥
ਉਥੇ ਸ੍ਰਿਸ਼ਟੀ ਦਾ ਸਿਰਜਣਹਾਰ ਵੱਸਦਾ, ਓਹੋ ਭੈਣੀ ਵਾਲੜੇ ਦਾ ਡੇਰਾ ਕਿ ਓਹੀਓ ਡੇਰਾ॥ ਦੱਸਿਓ ਨੀ ਸਹੇਲੀਓ॥"

Sri Satguru Jagjit Singh Ji Elibrary NamdhariElibrary@gmail.com

(ਗੀਤ ਨੰ: ਛੱਬੀ) "ਪੁਕਾਰ"

<—o—>

1. "ਮੇਰੇ ਦਾਤਾ ਜੀ! ਹੁਣ ਤਾਂ ਸੁਣ ਲਉ ਪੁਕਾਰ॥" ਕਦ ਹੋਵੇਗੀ ਆਸ ਇਹ ਪੂਰੀ,
ਕਦ ਦੇ ਕਰੀਏ ਇੰਤਜ਼ਾਰ॥ "ਚੀਨੀ ਵਾਲੇ ਜੀ! ਹੁਣ ਤਾਂ ਸੁਣ ਲਉ ਪੁਕਾਰ॥"

<—o—>

2. "ਭੈਣੀ ਸਾਹਿਬ ਦਾ ਸੋਹਣਾ ਮੰਦਰ॥ ਹੁੰਦੈ ਜਪੁ ਤਪੁ ਜੀਹਦੇ ਅੰਦਰ॥
ਜਿਥੇ ਬੈਠ ਕੇ ਕੂਕੇ ਤੇਰੇ, ਮੰਗਦੇ ਨੇ ਤੇਰਾ ਦੀਦਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

<—o—>

3. "ਤਾਰੇ ਗਿਣ ਗਿਣ ਬੀਤਦੀ ਰੈਣ॥ ਦੁਖੀ ਦਰਸ ਬਿਨ ਰੋਂਦੇ ਨੈਣ॥
ਕਿਸ ਨੂੰ ਹਾਲ ਸੁਣਾਵਾਂ ਦਿਲ ਦਾ, ਕੋਈ ਨਹੀਂ ਮਹਿਰਮ ਯਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

<—o—>

4. "ਸਫ਼ਰ ਜੀਵਨ ਦਾ ਬਹੁਤ ਲੰਮੇਰਾ॥ ਮਾਹੀ! ਇਕ ਵੇਰੀ ਪਾ ਜਾ ਫੇਰਾ॥
ਵਾਟ ਤੇਰੀ ਨੂੰ ਦੇਖਦਿਆਂ ਦੇ, ਥੱਕ ਗਏ ਨੇ ਹਾਰ॥ ਮੇਰੇ ਦਾਤਾ ਜੀ!
ਹੁਣ ਤਾਂ ਸੁਣ ਲਉ ਪੁਕਾਰ॥ ਕਦ ਹੋਵੇਗੀ ਆਸ ਇਹ ਪੂਰੀ ਕਦ ਦੇ ਕਰੀਏ ਇੰਤਜ਼ਾਰ॥"

<—o—>

# "ਤੇਰਾ ਦਰ"

(ਗੀਤ ਕੇ ਸਤਗੁਰੋ)

1. "ਮੈਂ ਸੁਣਿਐ ਤੇਰੇ ਦਰ ਆ ਕੇ, ਗੁਨਾਹੀਂ ਬਖਸ਼ੇ ਜਾਂਦੇ ਨੇ।।
ਓਹ ਆਪਣੇ ਕੀਤੇ ਨੂੰ ਪਛਤਾ ਕੇ, ਦਰਗਾਹ ਸੋਭਾ ਪਾਂਦੇ ਨੇ।।" ਮੈਂ ਸੁਣਿਐ.....

2. "ਤੂੰ ਰਹਿਮਤ ਦਾ ਖ਼ਜ਼ਾਨਾ ਹੈ, ਤਾਲਬ ਸਭ ਤੇਰੇ ਪਿਆਰੇ ਨੇ।।
ਜੋ ਆਉਂਦੇ ਖਾਲੀ ਹੱਥ ਏਥੇ, ਝੋਲੀ ਭਰ ਭਰ ਲਿਜਾਂਦੇ ਨੇ।।" ਮੈਂ ਸੁਣਿਐ.......।।

3. "ਤੇਰੇ ਚਰਨਾਂ ਦੀ ਧੂੜੀ ਨੂੰ, ਜੀਹਨੇ ਸੁਰਮਾਂ ਬਣਾ ਹੀ ਲਿਆ।।
ਓਹ ਦੀਦੇ ਤੇਰੇ ਵਿਚ 'ਦਾਤਾ'! ਨਾ ਕਿਧਰੇ ਹੋਰ ਤਕਾਂਦੇ ਨੇ।।" ਮੈਂ ਸੁਣਿਆ.......।।

4. "ਵਰ੍ਹਦੀ ਏਥੇ ਨਾਮ ਦੀ ਵਰਖਾ, ਤੇ ਰਾਹਤ ਦਿਲ ਨੂੰ ਮਿਲਦੀ ਹੈ।।
ਪ੍ਰਭੂ ਦੀ ਭਗਤੀ ਵਾਲੇ ਜਾਮ, ਭਰ ਭਰ ਪਿਲਾਏ ਜਾਂਦੇ ਨੇ।।" ਮੈਂ ਸੁਣਿਐ.......।।

5. "ਜੇਹੜਾ ਸਿਦਾ ਏਥੇ ਝੁਕਦਾ, ਓਹ ਸਿਰ ਹੁੰਦਾ ਹੈ ਆਸ਼ਕ ਦਾ।।
ਤਲੀ ਤੇ ਰੱਖ ਕੇ ਆਉਂਦੇ ਜੋ, ਜੀਵਨ ਮੁਕਤੀ ਨੂੰ ਪਾਂਦੇ ਨੇ।।" ਮੈਂ ਸੁਣਿਐ.......।।

6. "ਮੈਂ ਕਾਸਾ ਫੜ ਕੇ ਆਇਆ ਹਾਂ, ਤੇਰੇ ਦਰ ਖੈਰ ਪ੍ਰਸਾਦਣ ਦਈਓ।।
ਤੇਰੀ ਨਦਰਿ-ਕਰਮ ਦੇ ਨਾਲ, ਕਰਮ ਕਟਾਏ ਜਾਂਦੇ ਨੇ।।" ਮੈਂ ਸੁਣਿਐ.......।।

# "ਲੱਖ ਲੱਖ ਵਧਾਈਆਂ"

(ਗੀਤ ਨੰ: ਅਠਾਈ)

1 "ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ, ਮੈਂ ਵਾਰੇ ਵਾਰੇ ਜਾਨੀਆਂ, ਮੈਂ ਵਾਰੇ ਵਾਰੇ ਜਾਨੀਆਂ॥
ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ॥"

2. "ਮਾਤਾ ਭੂਪਿੰਦਰ ਤੇਰੀ ਗੋਦੀ ਜੇਹੜਾ ਬਾਲ ਨੀ॥
ਜੱਗ ਨੂੰ ਜਿੱਤਣ ਲਈ ਆਇਆ ਸਿੰਘ ਨਾਲ ਨੀ॥"
ਕਲਾ ਅਨੰਤ ਤੇ 'ਬੇਅੰਤ' ਵੇਖਦਾ ਨਾਂ॥ 'ਮੈਂ ਵਾਰੇ ਵਾਰੇ ਜਾਨੀਆਂ॥' 'ਲੱਖ ਲੱਖ ਨੀ......॥'

3. "ਸੂਰਜ ਤੋਂ ਵਧ ਏਹਦਾ ਮੁੱਖ ਰੁਸ਼ਨਾਂਵਦਾ॥
ਵੇਖ ਵੇਖ ਚੰਨ ਵੀ ਹੈ ਪਿਆ ਸ਼ਰਮਾਂਵਦਾ॥"
ਏਹ ਤੋਂ ਜਿੰਦੜੀ ਮੈਂ ਘੋਲ ਘੁਮਾਂ॥ 'ਮੈਂ ਵਾਰੇ ਵਾਰੇ ਜਾਨੀਆਂ॥' 'ਲੱਖ ਲੱਖ ਨੀ॥'

4. "ਤੇਰੇ ਘਰ ਆਇਆ ਅੱਜ ਅਰਸ਼ਾਂ ਤੋਂ ਨੂਰ ਨੀ॥
ਕਰਕੇ ਦਰਸ ਏਹਦੀ ਆਂਵਦਾ ਸਰੂਰ ਨੀ॥"
ਚਾਵਾਂ ਖੁਸ਼ੀਆਂ ਦੇ ਗੀਤ ਪਈ ਗਾਂ॥ ਮੈਂ ਵਾਰੇ ਵਾਰੇ ਜਾਨੀਆਂ॥" ਲੱਖ ਲੱਖ ਨੀ ਵਧਾਈਆਂ ਤੈਨੂੰ ਮਾਂ॥"

Sri Satguru Jagjit Singh Ji Elibrary NamdhariElibrary@gmail.com

# "ਸਨੇਹੜਾ"

(ਗੀਤ ਨੰ: ਉਨੰਤੀ)

1. "ਰਾਹੀ ਰਾਹੇ ਜਾਂਦਿਆ ਵੇ, ਸਿਧੀ ਪੱਗ ਵਾਲਿਆ ਵੇ, ਗੱਲ ਕੋਈ ਸੁਣ ਜਾ ਮੈਨੂੰ ਨੀਲੇ ਸ਼ਾਹ ਸਵਾਰ ਦੀ।"

2. 'ਮੁੱਦਤਾਂ ਨੇ ਹੋਈਆਂ ਜਦੋਂ ਗਿਆ ਪਰਦੇਸ ਸੀ।' 'ਲਿਖਿਆ ਨ ਪਤਾ ਸਾਹਿਬਾ ਨਾ ਕੋਈ ਸੰਦੇਸ਼ ਸੀ।'
ਰਾਹਾਂ ਵਿਚ ਖੜੀ ਉਡੀਕਾਂ, ਲੰਘ ਗਈਆਂ ਕਈ ਤਰੀਕਾਂ, ਕੋਈ ਗੱਲ ਦੱਸ ਜਾ ਕੋਈ ਉਸਦੇ ਦੀਦਾਰ ਦੀ।
'ਰਾਹੀ ਰਾਹੇ ਜਾਂਦਿਆ ਵੇ.........................'

3. 'ਕਿਸ ਨੂੰ ਵਿਖਾਵਾਂ ਲੱਗੇ ਸੀਨੇ ਵਾਲੇ ਦਾਗ਼ ਮੈਂ।' 'ਕਿਸ ਨੂੰ ਸੁਣਾਵਾਂ ਹੁਣ ਦਰਦਾਂ ਦੇ ਰਾਗ ਮੈਂ।'
ਪੈ ਗਏ ਵਿਛੋੜੇ ਭਾਰੇ, ਜੱਗ ਸਾਰਾ ਮੇਹਣੇ ਮਾਰੇ, ਕਦੋਂ ਪੂਰੀ ਕਰੇਗਾ ਉਹ ਗੱਲ ਇਕਰਾਰ ਦੀ।
'ਰਾਹੀ ਰਾਹੇ ਜਾਂਦਿਆ ਵੇ.........................'

4. 'ਏਹੋ ਜਹੇ ਦਿਨ ਰੱਬਾ ਕਿਸੇ ਨੂੰ ਵਿਖਾਈਂ ਨਾ।' 'ਰੋਗ ਜੁਦਾਈ ਵਾਲਾ ਕਿਸੇ ਤਾਈਂ ਲਾਈਂ ਨਾ।'
ਨੈਣੋਂ ਨਾ ਨੀਂਦ ਸਮਾਵੇ, ਦੁਖੜਾ ਨਾ ਜਰਿਆ ਜਾਵੇ, ਠੰਢਕ ਪਾਉਂਦਾ ਜਾ ਕਰਕੇ ਗੱਲ ਉਸਦੇ ਪਿਆਰ ਦੀ।
'ਰਾਹੀ ਰਾਹੇ ਜਾਂਦਿਆ ਵੇ.........................'

5. 'ਹੰਝੂਆਂ ਦੇ ਮੋਤੀ ਲੈ ਕੇ ਆਰਤੀ ਉਤਾਰਾਂ ਮੈਂ।' 'ਆਜਾ ਮੇਰੇ ਮੀਤ ਕਹਿ ਕੇ ਰੋ ਰੋ ਪੁਕਾਰਾਂ ਮੈਂ।'
ਦਰ ਦਰ ਦੀ ਖ਼ਾਕ ਛਾਣੀ, ਕਿਧਰੇ ਨਾ ਮਿਲਿਆ ਜਾਨੀ, ਸੋਅ ਸੁਣ ਜਾ ਕੋਈ ਬਖ਼ਸ਼ਣਹਾਰ ਦੀ।
'ਰਾਹੀ ਰਾਹੇ ਜਾਂਦਿਆ ਵੇ, ਸਿੱਧੀ ਪੱਗ ਵਾਲਿਆ ਵੇ,.........................'

## "ਨਾਮਧਾਰੀ ਪੰਥ ਮੈਨੂੰ ਸਭ ਤੋਂ ਪਿਆਰਾ ਏ"

"ਰਾਹ ਜਾਂਦੇ ਇਕ ਦਿਨ ਮੈਨੂੰ ਕਿਸੇ ਪੁਛਿਆ ਸੀ,
ਸੱਚੋ ਸੱਚ ਦੱਸ ਮੈਨੂੰ ਸ਼ੰਕਾ ਇਕ ਭਾਰਾ ਏ ॥
ਫਿਰਿਆ ਮੈਂ ਜੱਗ ਵਿਚ ਡਿਠੇ ਨੇ ਅਨੇਕ ਧਰਮ,
ਤੇਰਾ ਪਹਿਰਾਵਾ ਦਿਸੇ ਸਭ ਤੋਂ ਨਿਆਰਾ ਏ ॥
ਕਿਸੇ ਪੀਲੀ ਨੀਲੀ, ਕਿਸੇ ਟੋਪੀ, ਕੇਈ ਨੰਗੇ ਸਿਰ,
ਸੋਂਧਰ ਤੇਰੇ ਸੀਸ ਸਿੱਧਾ ਚਿੱਟਾ ਦਸਤਾਰਾ ਏ ॥
ਮਾਸ ਅਤੇ ਮਦਿਰਾ ਨੂੰ ਨੇੜੇ ਤੂੰ ਢੁਕਾਂਵਦਾ ਨਾ,
ਸਿਲੇਸੇ ਦਾ ਨਾਂ ਲਿਆਂ ਕੀਤਾ ਤੂੰ ਕਿਨਾਰਾ ਏ ॥"
"ਹੱਥ ਜੋੜ ਕਿਹਾ ਵੀਰ ਸੁਣ ਅਰਜੋਈ ਮੇਰੀ,
ਉੱਚਾ ਸੁੱਚਾ ਪੰਥ ਜੀਹਦਾ ਲਿਆ ਮੈਂ ਸਹਾਰਾ ਏ ॥
ਚੀਨੀ ਵਾਲੇ ਪ੍ਰੀਤਮ ਨੇ ਆਪ ਏਹਨੂੰ ਸਾਜਿਆ ਏ,
'ਹਰੀ' 'ਪਰਤਾਪ' ਗੁਰੂ ਏਹਦਾ ਰਖਵਾਰਾ ਏ ॥
ਕੰਨ ਵਿਚ ਫੂਕ ਜੇਹੜਾ ਇਕ ਵੇਰ ਸੁਣ ਲਏ,
ਗੇੜ ਚੁਰਾਸੀ ਕੋਲੋਂ ਪਾਵੇ ਛੁਟਕਾਰਾ ਏ ॥
ਗਊ ਤੇ ਗਰੀਬਾਂ ਦਾ ਸਹਾਈ ਤਾਂਹੀਏਂ ਨਿੱਤ ਆਖਾਂ,
'ਨਾਮਧਾਰੀ ਪੰਥ ਮੈਨੂੰ ਸਭ ਤੋਂ ਪਿਆਰਾ ਏ ॥"

## "ਸ਼ਾਂਤੀ ਦੇ ਸੋਮੇਂ 'ਜਗਜੀਤ' ਨੂੰ ਭੁਲਾਵੀਂ ਨਾਂ"

1. "ਨਾਮਧਾਰੀ ਵੀਰਾ ਇਕ ਸੁਣੀਂ ਅਰਜੋਈ ਮੇਰੀ,
ਵੇਖੀਂ ਕਿਤੇ ਚਿੱਟੇ ਚੋਲੇ ਤਾਈਂ ਦਾਗ ਲਾਵੀਂ ਨਾਂ"
ਚੀਨੀ ਵਾਲੇ ਪਾਤਸ਼ਾਹ ਸਰੂਪ ਤੈਨੂੰ ਬਖਸ਼ਿਆ ਏ,
ਭੁੱਲ ਕੇ ਵੀ ਕਦੇ ਏਹਦੇ ਦਾਗ਼ ਪੁਆਵੀਂ ਨਾਂ"
ਵਡ-ਪਰਤਾਪੀ ਜੇਹੜਾ ਦਿੱਤਾ ਉਪਦੇਸ਼ ਤੈਨੂੰ,
ਸਦਾ ਯਾਦ ਰੱਖੀਂ ਕਿਸੇ ਹੋਰ ਨੂੰ ਧਿਆਵੀਂ ਨਾਂ"
ਓਸੇ ਦੇ ਹੀ ਚਰਨਾਂ ਸਹਾਈ ਤੇਰਾ ਦੁਖ ਵੇਲੇ,
'ਸ਼ਾਂਤੀ ਦੇ ਸੋਮੇਂ 'ਜਗਜੀਤ' ਨੂੰ ਭੁਲਾਵੀਂ ਨਾਂ""

2. "ਦੀਨਾਂ ਅਤੇ ਦੁਖੀਆਂ ਦੀ ਸੇਵਾ ਨਿਸ਼ਕਾਮ ਕਰੀਂ,
ਕੰਨਾਂ ਰਾਹੀਂ ਨਿੰਦਿਆ ਕਦੇ ਸੁਣੀਂ ਤੇ ਸੁਣਾਵੀਂ ਨਾਂ"
ਢਲੇ ਪਰਛਾਵੇਂ ਵਾਂਗੂ ਮਾਇਆ ਦਾ ਨ ਮਾਣ ਕਰੀਂ,
ਬੀਤ ਗਿਆ ਸਮਾਂ ਯਾਦ ਕਰ ਪਛਤਾਵੀਂ ਨਾਂ"

(ਬਾਕੀ ਅਗਲੇ ਪੰਨੇ ਤੇ)

(ਪਿਛਲੇ ਪੰਨੇ ਦੀ ਬਾਕੀ)

ਸੰਤਾਂ ਦਾ ਸੰਗ ਕਰੀਂ, ਹਰੀ-ਜਸ ਗਾਵੀਂ ਸਦਾ,
ਏਹਦੇ ਬਿਨਾਂ ਹੋਰ ਕਿਸੇ ਨਾਲ ਪ੍ਰੀਤ ਪਾਵੀਂ ਨਾਂ ॥
ਚਰਨਾਂ ਦਾ ਭੌਰਾ ਬਣ, ਨਿੱਤ ਅਰਦਾਸ ਕਰੀਂ,
ਸ਼ਾਤੀ ਦੇ ਸੋਮੇਂ 'ਜਗਜੀਤ' ਨੂੰ ਭੁਲਾਵੀਂ ਨਾਂ ॥"

3. "ਮਾਨਸ ਅਮੋਲ ਜਨਮ, ਮਿਲਿਆ ਸੁਭਾਗਾ ਤੈਨੂੰ,
ਕੌਡੀਆਂ ਦੇ ਭਾ ਏਹਦਾ ਮੁੱਲ ਤੂੰ ਪੁਆਵੀਂ ਨਾਂ ॥
ਇਕ ਪ੍ਰਭ ਦਾ ਨਾਮ ਜਪੀਂ, ਜੀਹਨੇ ਕੰਮ ਆਵਣਾ ਏਂ,
ਧੰਧਿਆਂ ਦੇ ਵਿੱਚ ਵੇਲਾ ਐਵੇਂ ਤੂੰ ਗੁਵਾਵੀਂ ਨਾਂ ॥
ਸੁੱਚ ਆਹਾਰ, ਤੇ ਵਿਚਾਰ ਸ਼ੁੱਭ ਰੱਖੀਂ ਸਦਾ,
ਸਤ-ਸੰਗ ਬਿਨਾਂ ਹੋਰ, ਪੈਰ ਕਿਤੇ ਪਾਵੀਂ ਨਾਂ ॥
ਰਿਦੇ ਵਿੱਚ ਸਦਾ, ਤਸਵੀਰ ਵਸਾਈਂ ਏਹਦੀ,
ਸ਼ਾਤੀ ਦੇ ਸੋਮੇਂ 'ਜਗਜੀਤ' ਨੂੰ ਭੁਲਾਵੀਂ ਨਾਂ ॥"

(ਬਾਕੀ ਅਗਲੇ ਪੰਨੇ ਤੇ)

(ਪਿਛਲੇ ਪੰਨੇ ਦੀ ਬਾਕੀ)

4\. "ਗੁਰਮੁਖਾਂ ਵਾਂਗੂ ਤੇਰਾ, ਜੀਵਨ ਪਵਿਤ੍ਰ ਹੋਵੇ,
ਫਿੱਕੇ ਬੋਲ ਬੋਲ, ਦਿਲ ਕਿਸੇ ਦਾ ਦੁਖਾਵੀਂ ਨਾਂ ॥
ਡਿੱਗਿਆਂ ਨੂੰ ਜੋੜੀਂ, ਕਦੇ ਤੋੜੀਂ ਨਾ ਤੂੰ ਜੁੜੇ ਦਿਲ,
ਪੁੱਟਿਆ ਕਦਮ ਫੇਰ ਪਿਛਾਂਹ ਪਰਤਾਵੀਂ ਨਾਂ ॥
ਜਥਾ ਸ਼ਕਤ ਦਾਨ, ਨੇਮ ਨਾਲ ਇਸ਼ਨਾਨ ਕਰੀਂ,
ਨੇਕ ਭਲਾਈ, ਸੇਵਾ ਕਰੀਂ, ਜਤਲਾਵੀਂ ਨਾਂ ॥
ਬਣਕੇ ਭਿਖਾਰੀ, ਏਹਦੇ ਦਰ ਉੱਤੇ ਮੰਗ ਮੰਗੀਂ,
'ਸਤਿਗੁਰੂ ਜੀਓ' ਮੈਨੂੰ ਕਦੇ ਵੀ ਭੁਲਾਵੀਂ ਨਾਂ ॥"

(ਗੀਤ ਨੰ:30) "ਇਕ ਅਰਦਾਸ"

1. "ਤੇਰੇ ਦਵਾਰੇ ਦਾਤਾ! ਇਕ ਅਰਦਾਸ ਵੇ॥ ਲਗੀ ਬੁਝਾਦੇ ਮੇਰੀ, ਦਰਸ਼ਨ ਦੀ ਪਿਆਸ ਵੇ॥"

2. "ਨੈਣਾਂ ਦਾ ਦੀਵਾ ਮੇਰਾ ਓਹ ਵੀ ਟਿਮਟਿਮਾ ਰਿਹਾ॥ ਭੌਰਿਆਂ ਦੀ ਥਾਂ ਡੇਰਾ ਬੱਗਿਆਂ ਨੇ ਲਾ ਲਿਆ॥
ਪਤਾ ਨਹੀਂ ਬਾਕੀ ਕਿੰਨੇ ਰਹਿ ਗਏ ਸਵਾਸ ਵੇ॥ 'ਲੱਗੀ ਬੁਝਾਦੇ ਮੇਰੀ............॥"

3. "ਗਲੇ ਵਿਚੋਂ ਬੋਲ ਮੇਰੇ ਰੁੱਕ ਰੁੱਕ ਆਂਵਦੇ॥ ਜੀਵਨ ਦੇ ਸਾਹ ਓਹ ਵੀ ਮੁੱਕੇ ਮੁੱਕੇ ਜਾਂਵਦੇ॥
ਵਿੱਚੇ ਨਾ ਰਹਿ ਜਾਏ ਕਿਤੇ ਮਨ ਵਿਚ ਆਸ ਵੇ॥ 'ਲੱਗੀ ਬੁਝਾਦੇ ਮੇਰੀ............॥"

4. "ਰੋਗ ਬੁਢੇਪੇ ਕੀਤਾ ਐਸਾ ਨਿਢਾਲ ਹੁਣ॥ ਕਦਮ ਉਠਾਣਾ ਬੜਾ ਜਾਪਦਾ ਮੁਹਾਲ ਹੁਣ॥
ਅੰਤ ਦੇ ਵੇਲੇ ਵੇਖੀਂ, ਕਰੀਂ ਨਾ ਨਿਰਾਸ ਵੇ॥ 'ਲੱਗੀ ਬੁਝਾਦੇ ਮੇਰੀ............॥"

5. "ਹਾਲ ਵੇਖ ਮੇਰਾ ਪਿਆ ਕਾਲ ਮੁਸਕਾਂਵਦਾ॥ ਜਮਾਂ ਪਰਲੋਕ ਵਾਲਾ ਨੇੜੇ ਪਿਆ ਆਂਵਦਾ॥
ਜਮਾਂ ਕੋਲੋਂ ਕਰੀਂ ਮੇਰੀ, ਬੰਦ ਖਲਾਸ ਵੇ॥ 'ਲੱਗੀ ਬੁਝਾਦੇ ਮੇਰੀ............॥"

6. "ਮੇਰੀ ਇਕ ਮੰਗ ਤੇਰੇ ਮੰਨਣ ਦੇ ਜੋਗ ਵੇ॥ ਕੱਟਦੇ ਕਰਮ ਸਤੇ ਜਨਮਾਂ ਦੇ ਰੋਗ ਵੇ॥
(ਜਾਂ) ਮੇਰੀ ਇਕ ਮੰਗ ਤੇਰੇ ਮੰਨਣ ਦੇ ਜੋਗ ਵੇ॥ ਤੇਰੀ ਹਜ਼ੂਰੀ ਵਿਚ ਪਵੇ ਮੇਰਾ ਭੋਗ ਵੇ॥
ਚਰਨਾਂ ਦੇ ਵਿੱਚ ਮੈਨੂੰ ਮਿਲ ਜਾਏ ਨਿਵਾਸ ਵੇ॥ 'ਲੱਗੀ ਬੁਝਾਦੇ ਮੇਰੀ............॥"

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## "ਅੰਤਮ ਬੇਨਤੀ"

"ਮੈਂ ਗਰੀਬ-ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਬਖਸ਼ਸ਼ ਨਾਲ ਮੈਨੂੰ ਸੰਨ 1968 ਵਿਚ ਲੁਧਿਆਣੇ ਵਿਖੇ ਹੋਲਾ ਮੇਲਾ ਵੇਖਣ ਦਾ ਅਵਸਰ ਮਿਲਿਆ ਅਤੇ ਖਾਸ ਕਰਕੇ ਭੋਗ ਵਾਲੇ ਦਿਨ ਵਿਚ ਮਸ਼ਹੂਰ ਰੇਡੀਓ ਆਰਟਿਸਟ ਸ੍ਰ: ਹਰਭਜਨ ਸਿੰਘ ਰਤਨ ਨੇ ਅਜਿਹੇ ਮਨੋਹਰ ਗੀਤ ਗਾ ਕੇ ਸਰੋਤਿਆਂ ਦੇ ਮਨ ਮੋਹ ਲਏ।। ਉਸ ਵੇਲੇ ਮਨ ਵਿਚ ਵਿਚਾਰ ਪਰਗਟ ਹੋਇਆ ਜੇ ਸਾਧ ਸੰਗਤ ਵਿਚ ਇਸ ਪਰਕਾਰ ਪ੍ਰਭੂ-ਭਗਤੀ ਦੇ ਗੀਤ ਸੁਣੇ ਜਾਣ ਤਾਂ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦਾ ਪਿਆਰ ਹੋਰ ਵੀ ਵਧੇਗਾ।। ਸੋ ਇਸ ਪਰਕਾਰ ਦੇ ਗੀਤ ਲਿਖਣ ਦੇ ਵਿਚਾਰ ਹੌਲੇ ਹੌਲੇ ਸਮੁੰਦਰ ਦੀਆਂ ਲਹਿਰਾਂ ਵਾਂਗੂੰ ਇਕੱਠੇ ਹੁੰਦੇ ਗਏ ਤੇ ਇਕ ਦਿਨ ਇਹ ਜਵਾਰ-ਭਾਟਾ ਬਣਕੇ ਇਸ ਤਰ੍ਹਾਂ ਇਕ ਗੀਤ ਦਾ ਰੂਪ ਬਣਕੇ ਸਾਕਾਰ ਹੋ ਗਏ ਤੇ ਇਹ ਪਹਿਲਾ ਗੀਤ (ਨੰ: 5 ਤੇ ਹੈ) ਜਗਜੀਤ ਸਿੰਘ ਆਜ਼ਾਦ, ਤਰਲੋਕ ਸਿੰਘ ਚਾਵਲਾ ਤੇ ਜਸਪਾਲ ਸਿੰਘ ਮਲਹੋਤਰਾ ਨੇ ਸਾਧ ਸੰਗਤ ਵਿਚ ਮਨੋਹਰ ਸੁਰਾਂ ਨਾਲ ਗਾ ਕੇ ਪੇਸ਼ ਕੀਤਾ ਤੇ ਇਹ ਗੀਤ ਸਭ ਨੇ ਪਰਵਾਨ ਕੀਤਾ ਅਤੇ ਇਸ ਤਰ੍ਹਾਂ ਮਨ ਵਿਚ ਲਿਖਣ ਦਾ ਚਾਉ ਹੋਰ ਉਠਿਆ ਤੇ ਕਈ ਗੀਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗਾਏ ਜਾਂਦੇ ਰਹੇ ਜੋ ਆਪ ਜੀ ਨੇ ਦੀਆ ਆਪਣੇ ਦਰ ਤੇ ਪਰਵਾਨ ਕੀਤੇ।। ਸੋ ਇਹ ਛੋਟਾ ਜੇਹਾ ਹਸਤ-ਲਿਖਤ ਸ੍ਰੀ ਸਤਿਗੁਰੂ ਭਗਤੀ ਭਾਵ ਨਾਲ ਪੂਰਤ ਗੀਤਾਂ ਦਾ ਸੰਗ੍ਰਹਿ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨ ਕੰਵਲਾਂ ਦੀ ਭੇਟ ਕਰ ਰਿਹਾ ਹਾਂ ਜਿਸ ਵਿਚ ਤੀਹ ਗੀਤ ਅਤੇ ਦੋ ਕਵਿਤਾ ਕਬਿੱਤ ਦੇ ਰੂਪ ਵਿਚ ਹਨ ਇਸ ਵਿਚ ਜੋ ਊਣ-ਤਾਈਆਂ ਹਨ ਉਹ ਮੇਰੀਆਂ ਹਨ ਉਸ ਲਈ ਮੈਂ ਗਰੀਬ ਨਿਵਾਜ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹੋਇਆ ਮਾਫੀਆਂ ਦੀ ਜਾਚਨਾ ਕਰਦਾ ਹਾਂ ਤੇ ਇਹ ਬੇਨਤੀ ਕਰਦਾ ਹਾਂ ਕਿ ਸੇਵਕ ਜਾਣਕੇ ਸਦਾ ਅਪਣਾ ਬਣਾਈ ਰੱਖਣਾ।।" (ਸਦਾ ਹੀ ਆਪ ਜੀ ਦਾ ਚਰਨ-ਸੇਵਕ)

"ਇਕਬਾਲ ਸਿੰਘ ਮਲਹੋਤਰਾ" ([illegible])

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com